# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 08 SATURDAY, 25 FEBRUARY, 2023

www.punjablinkpaper.com 604-503-5465










## ਅਸਥਾਈ ਪਰਵਾਸੀਆਂ ਦੇ ਵਾਧੇ ਨਾਲ ਘਰਾਂ ਦੀ ਮੰਗ ਵਧੀ

ਓਟਵਾ-ਆਰਜ਼ੀ ਰੈਜ਼ੀਡੈਂਟਸ ਦੀ ਰਿਕਾਰਡ ਆਮਦ ਨਾਲ ਕੈਨੇਡੀਅਨ ਹਾਊਸਿੰਗ ਮਾਰਕੀਟ 'ਤੇ ਹੋਰ ਦਬਾਅ ਵਧ ਰਿਹਾ ਹੈ।



2022 ਦੇ ਅਖੀਰ ਤਕ ਲਗਪਗ 1.95 ਮਿਲੀਅਨ ਵਿਦੇਸ਼ ਤੋਂ ਆਏ ਲੋਕ ਦੇਸ਼ ਵਿਚ ਆਰਜ਼ੀ ਵਰਕ ਪਰਮਿਟ ਜਾਂ ਸਟੱਡੀ ਪਰਮਿਟ 'ਤੇ ਰਹਿ ਰਹੇ ਸਨ ਅਤੇ ਇਹ ਪਿਛਲੇ ਸਾਲ ਨਾਲੋਂ ਲਗਪਗ 560000 (40 ਫ਼ੀਸਦੀ) ਜ਼ਿਆਦਾ ਹਨ। ਪਿਛਲੇ ਸਾਲ ਦੇ ਅਖੀਰ ਤਕ 8 ਲੱਖ ਤੋਂ ਵੀ ਵੱਧ ਸਟੱਡੀ ਪਰਮਿਟ ਧਾਰਕ ਸਨ ਜਿਹੜਾ ਕਿ ਇਕ ਰਿਕਾਰਡ ਹੈ। 120000 ਹੋਰ ਵਿਅਕਤੀ ਟੈਂਪਰੇਰੀ ਫਾਰਨ ਵਰਕਰ (ਟੀਐੱਫਡਬਲਯੂ) ਪ੍ਰੋਗਰਾਮ ਤਹਿਤ ਦੇਸ਼ ਵਿਚ ਮੌਜੂਦ ਸਨ। ਕੈਨੇਡਾ 2025 ਤਕ ਸਾਲਾਨਾ ਪੰਜ ਲੱਖ ਸਥਾਈ ਰੈਜ਼ੀਡੈਂਟਸ ਨੂੰ ਸਵੀਕਾਰ ਕਰਨ ਦੇ ਉਦੇਸ਼ ਨਾਲ ਜਾਣਬੁੱਝ ਕੇ ਪ੍ਰਵਾਸੀਆਂ ਦੀ ਗਿਣਤੀ ਵਧਾ ਰਿਹਾ ਹੈ। ਤਾਜ਼ਾ ਅਨੁਮਾਨਾਂ ਦੇ ਆਧਾਰ 'ਤੇ 2022 ਦੀ ਤੀਸਰੀ ਤਿਮਾਹੀ ਵਿਚ ਕੈਨੇਡਾ ਦੀ ਆਬਾਦੀ ਪਿਛਲੇ 50 ਸਾਲਾਂ ਵਿਚ ਸਭ ਤੋਂ ਤੇਜ਼ੀ ਨਾਲ ਵਧੀ ਹੈ ਕਿਉਂਕਿ ਆਰਜ਼ੀ ਰੈਜ਼ੀਡੈਂਟਸ ਵਿਚ ਵਾਧਾ ਹੋਇਆ ਹੈ। ਮਾਹਿਰਾਂ ਦਾ ਕਹਿਣਾ ਕਿ ਦੇਸ਼ ਦੋ ਪੜਾਵੀ ਪ੍ਰਵਾਸ ਪ੍ਰਕਿਰਿਆ ਵੱਲ ਵਧ ਰਿਹਾ ਹੈ ਜਿਸ ਵਿਚ ਲੋਕ ਸਿੱਖਿਆ ਜਾਂ ਕੰਮ ਦੇ ਤਜਰਬੇ ਦੇ ਆਧਾਰ 'ਤੇ ਆਉਂਦੇ ਹਨ ਅਤੇ ਫਿਰ ਪੱਕੇ ਵਸਨੀਕ ਬਣਨ ਲਈ ਅਪਲਾਈ ਕਰਦੇ ਹਨ। ਪਿਛਲੇ ਮਹੀਨਿਆਂ ਵਿਚ ਫੈਡਰਲ ਸਰਕਾਰ ਦੀ ਇਸ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਆਲੋਚਨਾ ਹੋਈ ਹੈ, ਖ਼ਾਸਕਰ ਉਸ ਸਮੇਂ ਜਦੋਂ ਦੇਸ਼ ਲੋੜੀਂਦੇ ਘਰ ਬਣਾਉਣ ਅਤੇ ਮੁੱਢਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਸੰਘਰਸ਼ ਕਰ ਰਿਹਾ ਹੈ।

# ਸਰੀ ਪੁਲਿਸ ਬਾਰੇ ਫ਼ੈਸਲੇ ਵਿਚ ਦੇਰੀ ਕਾਰਨ ਟੈਕਸ ਵਿਚ ਵੱਡੇ ਵਾਧੇ ਦੀ ਗੱਲ ਬਕਵਾਸ-ਫਾਰਨਵਰਥ

ਸਰੀ-ਸਰੀ ਪ੍ਰਾਪਰਟੀ ਮਾਲਕ ਅਜਿਹੇ ਸਮੇਂ 17.5 ਫ਼ੀਸਦੀ ਸੰਭਾਵਤ ਵੱਡੇ ਟੈਕਸ ਵੱਡੇ ਵਾਧੇ ਨੂੰ ਦੇਖ ਰਹੇ ਹਨ ਜਦੋਂ ਬਹੁਤ ਸਾਰੇ ਲੋਕ ਪਹਿਲਾਂ ਹੀ ਰਹਿਣ ਸਹਿਣ ਦੀ ਭਾਰੀ ਕੀਮਤ ਦਾ ਦਬਾਅ ਝੱਲ ਰਹੇ ਹਨ। ਵਿਕਟੋਰੀਆ ਵਿਚ ਇਕ ਪੱਤਰਕਾਰ ਵਲੋਂ ਜਦੋਂ ਜਨਤਕ ਸੁਰੱਖਿਆ ਬਾਰੇ ਮੰਤਰੀ ਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਵਲੋਂ ਫ਼ੈਸਲਾ ਲੈਣ ਲਈ ਕੋਈ ਕਾਰਵਾਈ ਨਾ ਕਰਨ ਕਰਕੇ ਸਰੀ ਸ਼ਹਿਰ ਨੇ 2023 ਲਈ ਵੱਡੇ ਟੈਕਸ ਵਾਧੇ ਦਾ ਪ੍ਰਸਤਾਵ ਕੀਤਾ ਹੈ ਤਾਂ ਉਨ੍ਹਾਂ ਕਿਹਾ ਕਿ ਇਹ ਸਿਰਫ ਬਕਵਾਸ ਹੈ। ਉਨ੍ਹਾਂ ਕਿਹਾ ਕਿ ਸਰੀ ਸ਼ਹਿਰ ਕਹਿ ਰਿਹਾ ਹੈ ਕਿ ਉਹ ਵਾਪਸ ਆਰਸੀਐਮਪੀ ਕੋਲ ਜਾਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਆਰਸੀਐਮਪੀ ਕੋਲ ਵਾਪਸ ਜਾਣ ਲਈ ਸਹੀ ਯੋਜਨਾ ਹੈ ਜਾਂ ਨਹੀਂ ਇਸ ਦਾ ਠੀਕ ਢੰਗ ਨਾਲ ਵਿਸ਼ਲੇਸ਼ਣ ਅਤੇ ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਮੇਅਰ ਬਰੈਂਡਾ ਲੋਕ ਨੇ ਖੁਲਾਸਾ ਕੀਤਾ ਕਿ ਪ੍ਰਸਤਾਵਤ 9.5 ਫ਼ੀਸਦੀ ਵਾਧੇ ਵਿਚ ਸਭ ਤੋਂ ਵੱਡਾ ਹਿੱਸਾ ਪੁਲਿਸ ਟਰਾਂਜ਼ੀਸ਼ਨ ਨਾਲ ਜੁੜੇ ਖਰਚਿਆਂ ਨੂੰ ਕਵਰ ਕਰਨ ਲਈ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵਤ ਬਜਟ ਇਸ ਧਾਰਨਾ 'ਤੇ ਆਧਾਰਤ ਹੈ ਕਿ ਸਰੀ ਆਰਸੀਐਮਪੀ ਸ਼ਹਿਰ ਦੀ ਪੁਲਿਸ ਫੋਰਸ ਵਜੋਂ ਕਾਇਮ ਰਹੇਗੀ। ਜੇਕਰ ਅਸੀਂ ਸਰੀ ਪੁਲਿਸ ਫੋਰਸ ਨੂੰ ਅਪਣਾਉਂਦੇ ਤਾਂ ਇਹ ਅੰਕੜੇ ਹੋਰ ਜ਼ਿਆਦਾ ਵਧ ਜਾਣੇ ਸਨ। ਪ੍ਰੈਸ ਨਾਲ ਗੱਲਬਾਤ ਸਮੇਂ ਫਾਰਨਵਰਥ ਨੇ ਅਜੇ ਆਪਣਾ ਫ਼ੈਸਲਾ ਲੈਣਾ ਹੈ ਕਿ ਸਰੀ ਨੂੰ ਆਰਸੀਐਮਪੀ ਨੂੰ ਹੀ ਆਪਣੀ ਅਧਿਕਾਰਤ ਪੁਲਿਸ ਫੋਰਸ ਰੱਖਣਾ ਹੈ ਜਾਂ ਸਰੀ ਪੁਲਿਸ ਫੋਰਸ ਲਈ ਟਰਾਂਜ਼ੀਸ਼ਨ ਜਾਰੀ ਰੱਖਣੀ ਹੈ।





































S T & A
Simpson, Thomas & Associates
TRIAL LAWYERS
“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”
– Former client commenting on the Jago wedding tragedy
B.C.’s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB. ACCREDITED BUSINESS
“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”
– B.Sekhon
Our history of successfully settling personal injury claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Simpson, Thomas & Associates at 604-229-6448 to request a free initial legal consultation or fill out our online form on simpsonthomas.com
“We have offices in Vancouver and Surrey/Delta.”
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 08 SATURDAY, 25 FEBRUARY, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ‘ਆਪ’ ਦਾ ਵਿਧਾਇਕ ਅਮਿਤ ਰਤਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ



ਬਠਿੰਡਾ (ਦਿਹਾਤੀ) ਤੋਂ ‘ਆਪ’ ਵਿਧਾਇਕ ਅਮਿਤ ਰਤਨ ਕੋਟਫੱਤਾ ਨੂੰ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਬੁੱਧਵਾਰ ਦੇਰ ਰਾਤ ਰਾਜਪੁਰਾ ਤੋਂ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਇਥੇ ਸਿਵਲ ਲਾਈਨ ਥਾਣੇ ਵਿੱਚ ਲਿਆਂਦਾ ਗਿਆ। ਵਿਜੀਲੈਂਸ ਨੇ ਮੈਡੀਕਲ ਕਰਾਉਣ ਪਿੱਛੋਂ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਅਦਾਲਤ ਨੇ ਉਸ *(ਬਾਕੀ ਸਫ਼ਾ 8 'ਤੇ)*

## ਭਾਰਤੀ ਮੂਲ ਦੇ ਅਜੈ ਬੰਗਾ ਵਿਸ਼ਵ ਬੈਂਕ ਦੇ ਮੁਖੀ ਨਾਮਜ਼ਦ



ਵਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ-ਅਮਰੀਕੀ ਕਾਰੋਬਾਰੀ ਆਗੂ ਅਜੈ ਬੰਗਾ (63) ਨੂੰ ਵਿਸ਼ਵ ਬੈਂਕ ਦਾ ਮੁਖੀ ਨਾਮਜ਼ਦ ਕੀਤਾ ਹੈ। ਉਨ੍ਹਾਂ ਨੇ ਅੱਜ ਇਕ ਬਿਆਨ ਜਾਰੀ ਕਰਦਿਆਂ ਕਿਹਾ, ‘ਅਜੈ ਬੰਗਾ ਵਿੱਚ ਅਜਿਹੀਆਂ ਸਾਰੀਆਂ ਖ਼ੂਬੀਆਂ ਮੌਜੂਦ ਹਨ ਕਿ ਉਹ ਸੰਕਟ ਦੇ ਇਸ ਸਮੇਂ ਵਿੱਚ ਵਿਸ਼ਵ ਬੈਂਕ ਦੀ ਅਗਵਾਈ ਕਰ ਸਕੇ।’ ਮੌਜੂਦਾ ਸਮੇਂ ਅਜੈ ਬੰਗਾ ਜਨਰਲ ਐਟਲਾਂਟਿਕ ਕੰਪਨੀ ਦੇ ਉਪ ਚੇਅਰਮੈਨ ਹਨ। ਉਹ ਮਾਸਟਰਕਾਰਡ ਦੇ ਸੀਈਓ ਤੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਸ੍ਰੀ ਬੰਗਾ ਨੂੰ ਸਾਲ 2016 ਵਿੱਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ ਸੀ।


# ਸਾਥੀ ਨੂੰ ਛੁਡਾਉਣ ਗਏ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦੀ ਪੁਲਿਸ ਨਾਲ ਝੜਪ-ਥਾਣੇ ਅੰਦਰ ਜ਼ਬਰੀ ਦਾਖਲ ਹੋਏ

ਅਜਨਾਲਾ-ਵਾਰਿਸ ਪੰਜਾਬ ਦੇਂ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਹਥਿਆਰਬੰਦ ਸਮਰਥਕਾਂ ਦੀ ਅਜਨਾਲਾ ‘ਚ ਪੁਲੀਸ ਨਾਲ ਝੜਪ ਹੋ ਗਈ। ਪ੍ਰਦਰਸ਼ਨਕਾਰੀ ਥਾਣੇ ਅੰਦਰ ਜਬਰੀ ਦਾਖ਼ਲ ਹੋ ਗਏ ਜਿਸ ਕਾਰਨ ਕਈ ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ। ਖਾਲਿਸਤਾਨ ਪੱਖੀ ਨਾਅਰੇ ਲਗਾਉਂਦਿਆਂ ਕੱਟੜਪੰਥੀਆਂ ਨੇ ਮੰਗ ਕੀਤੀ ਕਿ ਮੁਲਜ਼ਮ ਲਵਪ੍ਰੀਤ ਸਿੰਘ ਉਰਫ਼ ਤੂਫਾਨ ਨੂੰ ਰਿਹਾਅ ਕੀਤਾ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਉਸ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਉਹ ਧਰਨਾ ਦੇਣਗੇ। ਅਜਨਾਲਾ ਪੁਲੀਸ ਨੇ ਛੇ ਦਿਨ ਪਹਿਲਾਂ ਅੰਮ੍ਰਿਤਪਾਲ ਸਿੰਘ ਅਤੇ ਸਮਰਥਕਾਂ ਖ਼ਿਲਾਫ਼ ਚਮਕੌਰ ਸਾਹਿਬ ਦੇ ਵਸਨੀਕ ਵਰਿੰਦਰ ਸਿੰਘ ਨੂੰ ਅਗਵਾ ਕਰਕੇ ਉਸ ਨੂੰ ਕੁੱਟਣ ਦਾ ਕੇਸ ਦਰਜ ਕੀਤਾ ਸੀ। ਬਾਅਦ ‘ਚ ਪੁਲੀਸ ਪ੍ਰਸ਼ਾਸਨ ਨਾਲ ਬਣੀ ਸਹਿਮਤੀ ‘ਚ ਲਵਪ੍ਰੀਤ ਨੂੰ ਰਿਹਾਅ ਕਰਨ ਦਾ ਭਰੋਸਾ ਦਿੱਤੇ ਜਾਣ ਮਗਰੋਂ ਧਰਨਾ ਖ਼ਤਮ ਕਰ ਦਿੱਤਾ ਗਿਆ। ਅਸਵੇਰੇ ਤੋਂ ਹੀ ਅੰਮ੍ਰਿਤਸਰ ਦਿਹਾਤੀ ਦੇ ਐੱਸਐੱਸਪੀ ਦੀ ਅਗਵਾਈ ਹੇਠ ਪੂਰਾ ਅਜਨਾਲਾ ਸ਼ਹਿਰ ਪੁਲੀਸ ਛਾਉਣੀ ਵਿੱਚ ਤਬਦੀਲ ਕੀਤਾ ਹੋਇਆ ਸੀ। ਇਸ ਦੌਰਾਨ ਵੱਡੀ ਗਿਣਤੀ ਵਿੱਚ ਕੱਟੜਪੰਥੀ ਡਾਂਗਾਂ, ਸੋਟਿਆਂ ਅਤੇ ਹੋਰ ਹਥਿਆਰਾਂ ਨਾਲ ਉਥੇ ਪਹੁੰਚ ਗਏ। ਕਾਫਲੇ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਾਲੀ ਗੱਡੀ ਕਰ ਰਹੀ ਸੀ। ਕਾਫਲਾ ਸ਼ਹਿਰ ਅੰਦਰ ਦਾਖ਼ਲ ਹੋਇਆ ਤਾਂ ਜੋਸ਼ ਵਿੱਚ ਆਏ ਨੌਜਵਾਨਾਂ ਨੇ ਪੁਲੀਸ ਵੱਲੋਂ ਰਸਤੇ ਵਿੱਚ ਲਗਾਏ ਬੈਰੀਕੇਡ ਹਟਾ ਦਿੱਤੇ। ਇਸ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿੱਚ ਝੜਪ ਵੀ ਹੋਈ ਅਤੇ ਐੱਸਪੀ ਜੁਗਰਾਜ ਸਿੰਘ ਤੇ ਹੋਰ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਏ। ਸ਼ਹਿਰ ‘ਚ ਹਾਲਾਤ ਪੂਰੇ ਤਣਾਅ ਵਾਲੇ ਬਣ ਗਏ ਸਨ। ਆਈਜੀ ਜਸਕਰਨ ਸਿੰਘ, ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ, ਐੱਸਡੀਐੱਮ ਰਾਜੇਸ਼ ਸ਼ਰਮਾ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਲੰਬੀ ਮੀਟਿੰਗ ਉਪਰੰਤ ਦੋਹਾਂ ਧਿਰਾਂ ਦਰਮਿਆਨ ਆਪਸੀ ਸਹਿਮਤੀ ਬਣੀ ਜਿਸ ਮਗਰੋਂ ਧਰਨਾ ਖ਼ਤਮ ਕਰ ਦਿੱਤਾ ਗਿਆ। *(ਬਾਕੀ ਸਫ਼ਾ 8 'ਤੇ)*




GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੂਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca




# ਐਬਸਟਸਫੋਰਡ ਵਿਚ ਫਾਈਵ ਕਾਰਨਰ ਫਰਨੀਚਰ ਸਟੋਰ ਦੀ ਗਰੈਂਡ ਓਪਨਿੰਗ

ਐਬਟਸਫੋਰਡ-ਜੇਕਰ ਤੁਸੀਂ ਨਵੇਂ ਗੱਦਿਆਂ ਜਾਂ ਹੋਰ ਘਰੇਲੂ ਵਸਤਾਂ ਲਈ ਬਾਜ਼ਾਰ ਵਿਚ ਘੁੰਮ ਰਹੇ ਹੋ ਤਾਂ ਇਹ ਸਥਾਨਕ ਪਰਿਵਾਰ ਕੋਲ ਤੁਹਾਡੇ ਲਈ ਪੇਸ਼ਕਸ਼ ਹੈ। ਫਾਈਵ ਕਾਰਨਰਜ ਫਰਨੀਚਰ ਐਂਡ ਮੈਟਰਸ ਇਕ ਨਵਾਂ ਫਰਨੀਚਰ ਸਟੋਰ ਹੈ ਜਿਹੜਾ ਹਾਲ ਹੀ ਵਿਚ ਇਕ ਸਥਾਨਕ ਪਰਿਵਾਰ ਵਲੋਂ ਐਬਟਸਫੋਰਡ ਵਿਚ ਖੋਲ੍ਹਿਆ ਗਿਆ ਸੀ ਜਿਨ੍ਹਾਂ ਬਾਰੇ ਬਹੁਤ ਸਾਰੇ ਵਾਸੀਆਂ ਉਨ੍ਹਾਂ ਦੇ ਪਿਛਲੇ ਕਾਰੋਬਾਰ ਬਾਰੇ ਪਤਾ ਹੈ ਜਿਹੜਾ ਬਦਕਿਸਮਤੀ ਨਾਲ 2017 ਵਿਚ ਅੱਗ ਨਾਲ ਨਸ਼ਟ ਹੋ ਗਿਆ ਸੀ। ਸਿੱਧੂ ਪਰਿਵਾਰ ਪਹਿਲਾਂ ਐਬਟਸਫੋਰਡ ਵਿਚ ਮਸ਼ਹੂਰ ਓਕੇ ਟਾਇਰ ਦੇ ਮਾਲਕ ਸੀ ਪਰ ਕਾਰੋਬਾਰ ਨੂੰ ਗੁਆਉਣ ਪਿੱਛੋਂ ਉਨ੍ਹਾਂ ਨੇ ਆਟੋਮੋਟਿਵ ਸੈਕਟਰ ਨੂੰ ਛੱਡ ਦਿੱਤਾ। ਇਸ ਦੀ ਬਜਾਏ ਘਰ ਨੂੰ ਸਜਾਉਣ ਵਾਲੇ ਕਾਰੋਬਾਰ ਫਾਈਵ ਕਾਰਨਰਜ਼ ਫਰਨੀਚਰ



ਐਂਡ ਮੈਟਰਸ ਖੋਲ੍ਹਣ ਲਈ ਉਹ ਇਕ ਪਰਿਵਾਰ ਵਜੋਂ ਇਕੱਤਰ ਹੋਏ ਹਨ। ਪਾਲ ਸਿੱਧੂ ਆਖਦੇ ਹਨ ਕਿ ਉਹ 2017 ਵਿਚ ਅੱਗ ਲੱਗਣ ਪਿੱਛੋਂ ਔਖੇ ਸਮੇਂ ਦੌਰਾਨ ਸਥਾਨਕ ਕਮਿਊਨਿਟੀ ਤੋਂ ਮਿਲੇ ਸਮਰਥਨ ਲਈ ਉਹ ਸ਼ੁਕਰਗੁਜ਼ਾਰ ਹਨ। ਫਾਈਵ ਕਾਰਨਰਜ਼ ਫਰਨੀਚਰ ਐਂਡ ਮੈਟਰਸ ਕਿਫਾਇਤੀ ਕੀਮਤਾਂ 'ਤੇ ਉੱਚ ਗੁਣਵੱਤਾ ਵਾਲੇ ਫਰਨੀਚਰ ਦੀ ਪੇਸ਼ਕਸ਼ ਕਰਦਾ ਹੈ। ਫਾਈਵ ਕਾਰਨਰਜ਼ ਦੇ ਪਿਛਲੇ ਸਾਲ ਨਵੰਬਰ ਵਿਚ ਦਰਵਾਜੇ ਖੋਲ੍ਹੇ ਗਏ ਸਨ ਪਰ ਹਾਲ ਹੀ ਵਿਚ 18 ਫਰਵਰੀ ਨੂੰ ਉਨ੍ਹਾਂ ਨੇ ਸ਼ਾਨਦਾਰ ਅਧਿਕਾਰਤ ਗਰੈਂਡ ਓਪਨਿੰਗ ਮਨਾਈ। ਉਹ ਐਬਟਸਫੋਰਡ ਕਮਿਊਨਿਟੀ ਦਾ ਵਾਪਸੀ 'ਤੇ ਸਵਾਗਤ ਕਰਕੇ ਖੁਸ਼ ਹਨ ਅਤੇ ਹੋਰ ਵਫਾਦਾਰ ਗਾਹਕਾਂ ਲਈ ਸੀਮਤ ਸਮੇਂ ਲਈ ਆਪਣੀ ਗਰੈਂਡ ਓਪਨਿੰਗ ਨੂੰ ਵਧਾਇਆ ਗਿਆ ਹੈ।

## ਕੈਨੇਡਾ ਦੀਆਂ 2021 ਚੋਣਾਂ ਨੂੰ ਚੀਨ ਨੇ ਪ੍ਰਭਾਵਿਤ ਕੀਤਾ-ਸੀਸਸ ਦਸਤਾਵੇਜ਼ਾਂ ਵਿਚ ਖੁਲਾਸਾ

ਓਟਵਾ-ਚੀਨ ਨੇ 2021 ਦੀਆਂ ਫੈਡਰਲ ਚੋਣਾਂ ਦੇ ਪ੍ਰਚਾਰ ਵਿਚ ਕੈਨੇਡਾ ਦੇ ਲੋਕਤੰਤਰ ਵਿਚ ਵਿਘਨ ਪਾਉਣ ਲਈ ਇਕ ਵਧੀਆ ਰਣਨੀਤੀ ਘੜੀ ਸੀ ਕਿਉਂਕਿ ਚੀਨੀ ਕੂਟਨੀਤਕਾਂ ਅਤੇ ਉਨ੍ਹਾਂ ਦੇ ਅਧਿਕਾਰਤ ਵਿਅਕਤੀਆਂ ਨੇ ਇਕ ਹੋਰ ਘੱਟਗਿਣਤੀ ਸਰਕਾਰ ਲਈ ਜਸਟਿਨ ਟਰੂਡੋ ਦੇ ਲਿਬਰਲਜ਼ ਦਾ ਸਮਰਥਨ ਕੀਤਾ ਅਤੇ ਕੰਸਰਵੇਟਿਵਜ਼ ਸਿਆਸਤਦਾਨਾਂ ਨੂੰ ਹਰਾਉਣ ਲਈ ਕੰਮ ਕੀਤਾ ਜਿਸ ਨੂੰ ਉਹ ਬੀਜਿੰਗ ਦੇ ਦੁਸ਼ਮਣ ਸਮਝਦੇ ਹਨ। ਗਲੋਬ ਐਂਡ ਮੇਲ ਵਲੋਂ ਕੈਨੇਡੀਅਨ ਸਕਿਉਰਟੀ ਇੰਟੈਲੀਜੈਂਸ ਸਰਵਿਸ ਦੇ ਦੇਖੇ ਗਏ ਗੁਪਤ ਅਤੇ ਚੋਟੀ ਦੇ ਗੁਪਤ ਦਸਤਾਵੇਜ਼ਾਂ ਵਿਚ ਚੀਨ ਦੇ ਦਖਲਅੰਦਾਜ਼ੀ ਦੇ ਆਪਰੇਸ਼ਨ ਦੀ ਪੂਰੀ ਜਾਣਕਾਰੀ ਦਿੱਤੀ ਗਈ ਹੈ, ਇਹ ਦਸਤਾਵੇਜ਼ ਸਤੰਬਰ 2021ਦੀਆਂ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੀ ਜਾਣਕਾਰੀ ਨੂੰ ਕਵਰ ਕਰਦੇ ਹਨ ਜਿਨ੍ਹਾਂ ਨੂੰ ਲਿਬਰਲਜ਼ ਨੇ ਦਫ਼ਤਰ ਨੂੰ ਵਾਪਸ ਕਰ ਦਿੱਤਾ ਹੈ। ਸੀਐਸਆਈਐਸ ਰਿਪੋਰਟਾਂ ਸੀਨੀਅਰ ਸਰਕਾਰੀ ਅਧਿਕਾਰੀਆਂ ਅਤੇ ਕੈਨੇਡਾ ਦੇ ਫਾਈਵ ਆਈਜ਼ ਇੰਟੈਲੀਜੈਂਸ ਭਾਈਵਾਲਾਂ ਅਮਰੀਕਾ, ਬਰਤਾਨੀਆ, ਆਸਟਰੇਲੀਆ ਤੇ ਨਿਊਜ਼ੀਲੈਂਡ ਨਾਲ ਸਾਂਝੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਕੁਝ ਖੁਫ਼ੀਆ ਰਿਪੋਰਟਾਂ ਫਰਾਂਸ ਤੇ ਜਰਮਨੀ ਦੀਆਂ ਜਾਸੂਸੀ ਸੇਵਾਵਾਂ ਨਾਲ ਵੀ ਸਾਂਝੀਆਂ ਕੀਤੀਆਂ ਗਈਆਂ ਹਨ। ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਅਗਵਾਈ ਹੇਠ ਚੀਨ ਨੇ ਪਿਛਲੇ ਦਹਾਕੇ ਵਿਚ ਵਧੇਰੇ ਹਮਲਾਵਰ ਵਿਦੇਸ਼ ਨੀਤੀ ਅਪਣਾਈ ਹੈ ਕਿਉਂਕਿ ਇਹ ਆਪਣਾ ਰਾਜਸੀ, ਆਰਥਿਕ ਤੇ ਸੈਨਿਕ ਪ੍ਰਭਾਵ ਸਮੁੱਚੇ ਵਿਸ਼ਵ ਤਕ ਵਧਾਉਣਾ ਚਾਹੁੰਦਾ ਹੈ। ਕਾਮਨ ਪ੍ਰੋਸੀਜ਼ਰ ਅਤੇ ਹਾਊਸ ਅਫੇਅਰਜ਼ ਕਮੇਟੀ ਦੇ ਸੰਸਦ ਮੈਂਬਰ ਪਹਿਲਾਂ ਹੀ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰ ਰਹੇ ਹਨ ਕਿ ਚੀਨ ਨੇ 11 ਉਮੀਦਵਾਰਾਂ ਦੇ ਸਮਰਥਨ ਲਈ ਚੋਣ ਪ੍ਰਚਾਰ ਵਿਚ ਦਖਲਅੰਦਾਜ਼ੀ ਕੀਤੀ ਸੀ ਇਨ੍ਹਾਂ ਵਿਚੋਂ ਬਹੁਤੇ ਉਮੀਦਵਾਰ ਗਰੇਟਰ ਟਰਾਂਟੋ ਏਰੀਆ ਵਿਚ ਲਿਬਰਲਜ਼ ਸਨ।

## ਕੈਨੇਡਾ ਦੀ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਨਿਸ਼ਾਨਾ ਬਣਾ ਰਹੇ ਹਨ ਚੀਨ ਤੇ ਰੂਸ-ਸੀਐਸਆਈਐਸ ਨੇ ਦਿੱਤੀ ਚਿਤਾਵਨੀ

ਓਟਵਾ-ਕੈਨੇਡਾ ਦੀ ਜਾਸੂਸੀ ਸੇਵਾ ਚਿਤਾਵਨੀ ਦੇ ਰਹੀ ਹੈ ਕਿ ਦੁਸ਼ਮਣ, ਦੇਸ਼ ਦੇ ਵਧਦੇ ਮਹੱਤਵਪੂਰਣ ਆਰਟੀਫਿਸ਼ਲ ਇੰਟੈਲੀਜੈਂਸ ਸੈਕਟਰ ਨੂੰ ਨਿਸ਼ਾਨਾ ਬਣਾਉਣ ਲਈ ਜਾਸੂਸੀ ਤੇ ਵਿਦੇਸ਼ੀ ਦਖਲਅੰਦਾਜ਼ੀ ਦਾ ਚਾਲਾਂ ਅਪਨਾਉਣਗੇ। ਕੈਨੇਡੀਅਨ ਸਕਿਉਰਟੀ ਇੰਟੈਲੀਜੈਂਸ ਸਰਵਿਸ ਨੇ ਜਾਰੀ ਕੀਤੇ ਇਕ ਨਵੇਂ ਵਿਸ਼ਲੇਸ਼ਣਾਤਿਮਕ ਸੰਖੇਪ ਵਿਚ ਦੱਸਿਆ ਕਿ ਚੀਨ ਤੇ ਰੂਸ ਸਮੇਤ ਦੁਸ਼ਮਣ ਦੇਸ਼ਾਂ ਵਲੋਂ ਕੈਨੇਡਾ ਦੀ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਨਿਸ਼ਾਨਾ ਬਣਾਉਣ ਲਈ ਸਰਕਾਰੀ ਨਿਵੇਸ਼ ਤੋਂ ਲੈ ਕੇ ਗੁਪਤ ਆਪਰੇਟਰਾਂ ਤਕ ਸਾਰੇ ਉਪਲਬਧ ਵੈਕਟਰਾਂ ਦੀ ਵਰਤੋਂ ਕਰਨ ਦੀ ਆਸ ਕੀਤੀ ਜਾ ਸਕਦੀ ਹੈ। ਜਾਸੂਸੀ ਏਜੰਸੀ ਦੀ ਇੰਟੈਲੀਜੈਂਸ ਅਸੈਸਮੈਂਟਸ ਬਰਾਂਚ ਵਲੋਂ ਕੀਤਾ ਵਿਸ਼ਲੇਸ਼ਣ ਜਿਹੜਾ ਸੀਐਸਆਈਐਸ ਆਈਜ਼ ਆਨਲੀ ਵਜੋਂ ਚਿੰਨ੍ਹਿਤ ਕੀਤਾ ਗਿਆ ਸੀ ਨੂੰ ਜੁਲਾਈ 2021 ਵਿਚ ਮੁਕੰਮਲ ਕੀਤਾ ਗਿਆ ਸੀ ਪਰ ਉਸੇ ਸਾਲ ਅਕਤੂਬਰ ਵਿਚ ਦਾਇਰ ਜਾਣਕਾਰੀ ਤਕ ਪਹੁੰਚ ਕਰਨ ਸਬੰਧੀ ਕਾਨੂੰਨ ਤਹਿਤ ਕੀਤੀ ਬੇਨਤੀ ਦੇ ਜਵਾਬ ਵਿਚ ਹਾਲ ਹੀ ਵਿਚ ਕੈਨੇਡੀਅਨ ਪ੍ਰੈਸ ਨੂੰ ਜਾਰੀ ਕੀਤਾ ਗਿਆ ਹੈ।

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL



RAJ GILL, AMP
VANCOUVER
Unit 200-6330 Fraser St
@47 Ave & Fraser St
604 564 1000

VERICO CANADA'S TRUSTED MORTGAGE EXPERTS
Our Symbol of Care & Service
Superior Mortgage
The Banking Alternative



SHARNJIT GILL, AMP
SURREY
Unit 244 8138 128 St
604 507 1000
www.quickapproval.ca

JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
BBB ACCREDITED BUSINESS
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਸੁਪਰੀਮ ਕੋਰਟ ਵਲੋਂ ਹਿੰਡਨਬਰਗ ਰਿਪੋਰਟਿੰਗ ਖਿਲਾਫ ਪਾਬੰਦੀ ਲਗਾਉਣ ਵਾਲੀ ਪਟੀਸ਼ਨ ਖਾਰਜ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਅਡਾਨੀ-ਹਿੰਡਨਬਰਗ ਮਾਮਲੇ 'ਤੇ ਆਪਣਾ ਫ਼ੈਸਲਾ ਸੁਣਾਉਣ ਤੱਕ ਮੀਡੀਆ ਨੂੰ ਰਿਪੋਰਟਿੰਗ ਕਰਨ ਤੋਂ ਰੋਕਣ ਦੀ ਮੰਗ ਵਾਲੀ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ? ਸਿਖਰਲੀ ਅਦਾਲਤ ਨੇ 20 ਫਰਵਰੀ ਨੂੰ ਹਿੰਡਨਬਰਗ ਰਿਸਰਚ ਵੱਲੋਂ ਲਗਾਏ ਗਏ ਧੋਖਾਧੜੀ ਦੇ ਦੋਸ਼ਾਂ ਤੋਂ ਬਾਅਦ ਅਡਾਨੀ ਸਮੂਹ ਦੇ ਸ਼ੇਅਰਾਂ ਵਿੱਚ ਗਿਰਾਵਟ ਬਾਰੇ ਜਨਹਿਤ ਪਟੀਸ਼ਨਾਂ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਪੀਐੱਸ ਨਰਸਿਮ੍ਹਾ ਅਤੇ ਜਸਟਿਸ ਜੇਬੀ ਪਾਰਦੀਵਾਲਾ ਦੇ ਬੈਂਚ ਨੇ ਇਸ ਮਾਮਲੇ ਦਾ ਜ਼ਿਕਰ ਕਰਨ ਵਾਲੇ ਵਕੀਲ ਐੱਮਐੱਲ ਸ਼ਰਮਾ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਬੈਂਚ ਨੇ ਕਿਹਾ, "ਅਸੀਂ ਮੀਡੀਆ 'ਤੇ ਕੋਈ ਪਾਬੰਦੀ ਨਹੀਂ ਲਗਾਵਾਂਗੇ।'

# ਹਾਊਸ ਆਫ ਕਾਮਨਜ਼ ਨੇ ਐਮ ਪੀਜ਼ ਨੂੰ ਘਰ ਦੇ ਇੰਟਰਨੈੱਟ ਬਿੱਲ ਕਲੇਮ ਕਰਨ ਤੋਂ ਰੋਕਿਆ

ਓਟਵਾ-ਹਾਊਸ ਆਫ ਕਾਮਨਜ਼ ਦੀ ਦਫ਼ਤਰੀ ਖਰਚਿਆਂ ਦਾ ਸੰਚਾਲਨ ਕਰਨ ਵਾਲੀ ਕਮੇਟੀ ਵਲੋਂ ਇਹ ਫ਼ੈਸਲਾ ਕਰਨ ਕਿ ਐਮਪੀਜ਼



ਵਲੋਂ ਘਰ ਦੇ ਇੰਟਰਨੈੱਟ ਬਿੱਲਾਂ ਬਾਰੇ ਕਲੇਮ ਕਰਨ ਦੀ ਗੱਲ ਜਾਇਜ਼ ਨਹੀਂ ਰਹੀ ਪਿੱਛੋਂ ਐਮਪੀਜ਼ 'ਤੇ ਆਪਣੇ ਘਰਾਂ ਦੇ ਇੰਟਰਨੈੱਟ ਬਿੱਲਾਂ ਨੂੰ ਖਰਚਿਆਂ ਵਿਚ ਜੋੜਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਐਮਪੀਜ਼ ਬਾਰੇ ਬੋਰਡ ਆਫ ਇਨਟਰਨਲ ਇਕਾਨਮੀ ਨੇ ਸਰਬਸੰਮਤੀ ਨਾਲ ਕਲੇਮ ਰੋਕਣ ਸਬੰਧੀ ਮਤਾ ਪਾਸ ਕਰ ਦਿੱਤਾ ਅਤੇ ਇਹ ਫ਼ੈਸਲਾ ਅਗਲੇ ਮਹੀਨੇ ਦੇ ਅਖੀਰ ਵਿਚ ਲਾਗੂ ਹੋ ਜਾਵੇਗਾ। ਦੇਸ਼ ਦੇ 338 ਐਮਪੀਜ਼ ਜਿਹੜੇ ਸਾਲਾਨਾ ਘੱਟੋ ਘੱਟੋ ਘੱਟ 182600 ਡਾਲਰ ਕਮਾਉਂਦੇ ਹਨ ਵਿਚੋਂ 20 ਫ਼ੀਸਦੀ ਨੇ ਘਰ ਦੇ ਇੰਟਰਨੈੱਟ ਬਿੱਲਾਂ ਲਈ ਕਲੇਮ ਕੀਤਾ ਸੀ। ਐਮਪੀਜ਼ ਮਹਾਂਮਾਰੀ ਤੋਂ ਪਹਿਲੋਂ ਘਰ ਦੇ ਇੰਟਰਨੈੱਟ ਖਰਚਿਆਂ ਲਈ ਕਲੇਮ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਕੋਵਿਡ-19 ਫੈਲਣਾ ਸ਼ੁਰੂ ਹੋਣ ਪਿੱਛੋਂ ਪਾਰਲੀਮੈਂਟ ਦੀਆਂ ਵਰਚੂਅਲ ਮੀਟਿੰਗਾਂ ਹੋਣ ਕਾਰਨ ਉਹ ਪੂਰੀ ਤਰ੍ਹਾਂ ਘਰ ਦੇ ਇੰਟਰਨੈੱਟ 'ਤੇ ਨਿਰਭਰ ਹੋ ਗਏ ਸਨ। ਜੁਲਾਈ ਅਤੇ ਸਤੰਬਰ ਵਿਚਕਾਰ ਜਦੋਂ ਪਾਰਲੀਮੈਂਟ ਵਿਚ ਐਮਪੀਜ਼ ਨੇ ਵਰਚੂਅਲੀ ਜਾਂ ਨਿੱਜੀ ਰੂਪ ਵਿਚ ਸ਼ਾਮਿਲ ਹੋਣਾ ਸ਼ੁਰੂ ਕੀਤਾ ਤਾਂ ਦਰਜਨਾਂ ਐਮਪੀਜ਼ ਨੇ ਖਰਚਿਆਂ ਲਈ ਕਲੇਮ ਜਾਰੀ ਰੱਖਿਆ। ਕਲੇਮ ਕਰਨ ਵਾਲਿਆਂ ਵਿਚ ਚੀਫ ਸਰਕਾਰੀ ਵਿਪ ਸਟੀਵਨ ਮੈਕਿਨਨ ਵੀ ਸ਼ਾਮਿਲ ਸਨ ਜਿਹੜੇ ਬੋਰਡ ਆਫ ਇਨਟਰਨਲ ਇਕਾਨਮੀ ਦੇ ਮੈਂਬਰ ਹਨ। ਕੰਸਰਵੇਟਿਵ ਚੀਫ ਵਿਪ ਕੈਨੀ ਲਿਨ ਫਿਡਲੇ ਨੇ ਬੋਰਡ ਨੂੰ ਕਿਹਾ ਕਿ ਹੁਣ ਜਦੋਂ ਕੈਨੇਡੀਅਨਾਂ ਲਈ ਮਹਿੰਗਾਈ ਕਾਰਨ ਬਿੱਲ ਤਾਰਨੇ ਔਖੀ ਗੱਲ ਬਣੀ ਹੋਈ ਹੈ ਤਾਂ ਲਗਦਾ ਹੈ ਕਿ ਇੰਟਰਨੈੱਟ ਖਰਚਾ ਨਿੱਜੀ ਖਰਚ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਇਕ ਐਮਪੀ ਦੇ ਕੰਮ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਉਸ ਨੇ ਕਿਹਾ ਕਿ ਕੰਸਰਵੇਟਿਵ ਪਾਰਟੀ ਨੇ ਆਪਣੇ ਐਮਪੀਜ਼ ਨੂੰ ਪਹਿਲਾਂ ਹੀ ਕਲੇਮ ਨਾ ਕਰਨ ਲਈ ਕਹਿ ਦਿੱਤਾ ਹੈ। ਲਿਬਰਲ ਹਾਊਸ ਲੀਡਰ ਮਾਰਕ ਹਾਲੈਂਡ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਵੀ ਆਪਣੇ ਐਮਪੀਜ਼ ਨੂੰ ਕਹਿ ਦਿੱਤਾ ਕਿ ਘਰ ਦੇ ਇੰਟਰਨੈੱਟ ਲਈ ਕਰਦਾਤਾਵਾਂ ਦੇ ਪੈਸੇ 'ਤੇ ਕਲੇਮ ਕਰਨਾ ਬੰਦ ਕਰ ਦੇਣ।



# 17 ਮਾਰਚ ਨੂੰ ਸੇਵਾ ਮੁਕਤ ਹੋ ਰਹੀ ਹੈ ਆਰ ਸੀ ਐਮ ਪੀ ਕਮਿਸ਼ਨਰ ਲੱਕੀ

ਓਟਵਾ-ਲੱਗਪਗ ਪੰਜ ਸਾਲ ਅਹੁਦੇ 'ਤੇ ਰਹਿਣ ਪਿੱਛੋਂ ਆਰਸੀਐਮਪੀ ਕਮਿਸ਼ਨਰ ਬਰੈਂਡਾ ਲੱਕੀ 17 ਮਾਰਚ ਨੂੰ ਸੇਵਾ ਮੁਕਤ ਹੋ ਰਹੀ ਹੈ। ਕਮਿਸ਼ਨਰ ਲੱਕੀ ਜਿਸ ਦੀ ਪੰਜ ਸਾਲਾ ਮਿਆਦ ਮਾਰਚ ਵਿਚ ਨਵਿਆਈ ਜਾਣੀ ਹੈ ਨੇ ਨਵੰਬਰ ਵਿਚ ਕਿਹਾ ਸੀ ਕਿ ਉਹ ਫੈਡਰਲ ਕੈਬਨਿਟ ਦੀ ਅਸੰਤੁਸ਼ਟੀ ਦੇ ਬਾਵਜੂਦ ਅਹੁਦੇ ਤੋਂ ਨਹੀਂ ਹਟੇਗੀ। 1986 ਵਿਚ 20 ਸਾਲ ਦੀ ਉਮਰ ਵਿਚ ਮਿਸ ਲੱਕੀ ਆਰਸੀਐਮਪੀ ਵਿਚ ਸ਼ਾਮਿਲ ਹੋਈ ਸੀ ਅਤੇ ਉਸ ਨੇ ਕਿਊਬਕ, ਓਨਟਾਰੀਓ, ਮਨੀਟੋਬਾ, ਅਲਬਰਟਾ, ਸਸਕੈਚਵਨ ਅਤੇ ਸਾਬਕਾ ਯੂਗੋਸਲਾਵੀਆ ਵਿਚ ਸੇਵਾਵਾਂ ਨਿਭਾਈਆਂ ਹਨ। ਪਹਿਲੇ ਕਮਿਸ਼ਨਰ ਬੌਬ ਪੌਲਸਨ ਦੀ ਸੇਵਾਮੁਕਤੀ ਪਿੱਛੋਂ ਉਹ ਕਮਿਸ਼ਨਰ ਬਣਨ ਦੀ ਦੌੜ ਵਿਚ ਉਮੀਦਵਾਰ ਸੀ। ਸਸਕੈਚਵਨ ਜਿਥੇ ਆਰਸੀਐਮਪੀ ਕੈਡਿਟਾਂ ਨੂੰ ਸਿੱਖਿਅਤ ਕੀਤਾ ਜਾਂਦਾ ਹੈ ਦੇ ਡਿਪੂ ਡਵੀਜ਼ਨ ਕਮਾਂਡਿੰਗ ਅਫਸਰ ਵਜੋਂ ਆਪਣੇ ਚੰਗੇ ਆਪਰੇਸ਼ਨਲ ਤਜਰਬੇ ਕਾਰਨ ਉਸ ਨੇ 10 ਮੈਂਬਰੀ ਚੋਣ ਕਮੇਟੀ 'ਤੇ ਜਿੱਤ ਹਾਸਲ ਕੀਤੀ ਪਰ ਮਿਸ ਲੱਕੀ ਦੀ ਕਮਿਸ਼ਨਰ ਵਜੋਂ ਮਿਆਦ ਵਿਵਾਦਾਂ ਵਿਚ ਘਿਰੀ ਰਹੀ ਜਿਸ ਵਿਚ ਨੋਵਾ ਸਕੋਸ਼ੀਆ ਸਮੂਹਿਕ ਗੋਲੀਬਾਰੀ ਅਤੇ ਓਟਵਾ ਵਿਚ ਕਾਫਲਾ ਦੇ ਪ੍ਰਦਰਸ਼ਨਾਂ ਨੂੰ ਸੰਭਾਲਣਾ ਸ਼ਾਮਿਲ ਸੀ।

# ਪੰਜਾਬ ਰਾਜਪਾਲ ਵੱਲੋਂ ਬਜ਼ਟ ਸੈਸ਼ਨ ਦੀ ਪ੍ਰਵਾਨਗੀ ਤੋਂ ਇਨਕਾਰ ਪਿੱਛੋਂ ਸੰਵਿਧਾਨਕ ਸੰਕਟ ਵਾਲੇ ਹਾਲਾਤ

ਚੰਡੀਗੜ੍ਹ-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਗਾਮੀ ਬਜਟ ਸੈਸ਼ਨ ਦੀ ਪ੍ਰਵਾਨਗੀ ਦੇਣ ਬਾਰੇ ਫ਼ੌਰੀ ਫ਼ੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਰਾਜਪਾਲ ਦਾ ਇਹ ਅੜਿੱਕਾਨੁਮਾ ਪੱਤਰ ਸੂਬੇ 'ਚ ਨਵਾਂ ਸੰਵਿਧਾਨਕ ਸੰਕਟ ਪੈਣਾ ਹੋਣ ਵੱਲ ਇਸ਼ਾਰਾ ਕਰਦਾ ਹੈ। ਪੰਜਾਬ ਕੈਬਨਿਟ ਨੇ 21 ਫਰਵਰੀ ਨੂੰ ਮੀਟਿੰਗ ਕਰਕੇ ਬਜਟ ਸੈਸ਼ਨ 3 ਮਾਰਚ ਤੋਂ 24 ਮਾਰਚ ਤੱਕ ਸੱਦੇ ਜਾਣ ਦੀ ਸਿਫ਼ਾਰਸ਼ ਕੀਤੀ ਸੀ ਅਤੇ ਇਸ ਨੂੰ ਪ੍ਰਵਾਨਗੀ ਲਈ ਰਾਜਪਾਲ ਕੋਲ ਭੇਜਿਆ ਸੀ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ ਹੈ ਕਿ ਉਹ ਮੁੱਖ ਮੰਤਰੀ ਵੱਲੋਂ ਕੀਤੇ 'ਅਪਮਾਨਜਨਕ' ਟਵੀਟ ਅਤੇ 14 ਫਰਵਰੀ ਨੂੰ ਲਿਖੇ ਪੱਤਰ 'ਤੇ ਪਹਿਲਾਂ ਕਾਨੂੰਨੀ ਸਲਾਹ ਲੈਣਗੇ ਅਤੇ ਉਸ ਪਿੱਛੋਂ ਬਜਟ ਸੈਸ਼ਨ ਸੱਦਣ ਬਾਰੇ ਫ਼ੈਸਲਾ ਲਿਆ ਜਾਵੇਗਾ। ਰਾਜਪਾਲ ਨੇ ਬਜਟ ਇਜਲਾਸ ਦੀ ਪ੍ਰਵਾਨਗੀ ਤੋਂ ਪਹਿਲਾਂ ਮੁੱਖ ਮੰਤਰੀ ਤੋਂ ਸਪਸ਼ਟੀਕਰਨ ਮੰਗਿਆ ਹੈ। ਪਤਾ ਲੱਗਾ ਹੈ ਕਿ ਰਾਜ ਭਵਨ ਨੇ ਮੁੱਖ ਮੰਤਰੀ ਵੱਲੋਂ ਕੀਤੇ ਟਵੀਟ ਨੂੰ ਰਿਕਾਰਡ 'ਤੇ ਲਿਆ ਕੇ ਰਾਜਪਾਲ ਅੱਗੇ ਰੱਖਿਆ ਹੈ। ਚੇਤੇ ਰਹੇ ਕਿ ਰਾਜਪਾਲ ਵੱਲੋਂ 13 ਫਰਵਰੀ ਨੂੰ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸਿੰਗਾਪੁਰ ਭੇਜੇ ਪ੍ਰਿੰਸੀਪਲਾਂ ਦੀ ਚੋਣ ਤੇ ਖ਼ਰਚੇ ਬਾਰੇ, ਦਲਿਤ ਬੱਚਿਆਂ ਦੇ ਵਜ਼ੀਫ਼ੇ, ਇਨਫੋਟੈੱਕ ਦੇ ਚੇਅਰਮੈਨ, ਖੇਤੀ 'ਵਰਸਿਟੀ ਦੇ ਵੀਸੀ ਅਤੇ ਆਈਪੀਐੱਸ ਕੁਲਦੀਪ ਚਾਹਿਲ ਆਦਿ ਬਾਰੇ ਹਵਾਲਾ ਦਿੱਤਾ ਗਿਆ ਸੀ ਅਤੇ ਪਿਛਲੇ ਸਮੇਂ 'ਚ ਇਨ੍ਹਾਂ ਬਾਰੇ ਲਿਖੇ ਪੱਤਰਾਂ ਦਾ ਜਵਾਬ ਨਾ ਦਿੱਤੇ ਜਾਣ ਦਾ ਮੁੱਦਾ ਉਠਾਇਆ ਸੀ। ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਟਕਰਾਓ ਬਣਨ ਨਾਲ ਬਜਟ ਸੈਸ਼ਨ ਨੂੰ ਲੈ ਕੇ ਦੁਬਿਧਾ ਵਾਲਾ ਮਾਹੌਲ ਬਣਨ ਲੱਗਾ ਹੈ। ਮੁੱਖ ਮੰਤਰੀ ਨੇ 14 ਫਰਵਰੀ ਨੂੰ ਮੋੜਵਾਂ ਪੱਤਰ ਲਿਖ ਕੇ ਰਾਜਪਾਲ ਦੀ ਯੋਗਤਾ 'ਤੇ ਹੀ ਸੁਆਲ ਖੜ੍ਹੇ ਕਰ ਦਿੱਤੇ ਸਨ। ਮਾਹਿਰ ਆਖਦੇ ਹਨ ਕਿ ਬੇਸ਼ੱਕ ਰਾਜਪਾਲ ਬਜਟ ਸੈਸ਼ਨ ਬੁਲਾਏ ਜਾਣ ਲਈ ਕਾਨੂੰਨੀ ਤੌਰ 'ਤੇ ਬੱਝੇ ਹੋਏ ਹਨ ਪ੍ਰੰਤੂ ਰਾਜਪਾਲ ਦੇ ਇਹ ਪੱਤਰ ਸਰਕਾਰ ਨੂੰ ਖੱਜਲ ਕਰ ਸਕਦੇ ਹਨ। ਮੌਜੂਦਾ ਮਾਹੌਲ ਤੋਂ ਜਾਪਦਾ ਹੈ ਕਿ 'ਰਾਜਪਾਲ ਦੇ ਭਾਸ਼ਣ' ਵਿਚਲੀ ਇਬਾਰਤ ਨੂੰ ਲੈ ਕੇ ਵੀ ਆਉਂਦੇ ਦਿਨਾਂ 'ਚ ਰੱਫੜ ਖੜ੍ਹਾ ਹੋ ਸਕਦਾ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਇਹ ਰਾਜਪਾਲ ਦਾ ਅਧਿਕਾਰ ਹੈ ਕਿ ਉਹ ਸਰਕਾਰ ਤੋਂ ਪੁੱਛ ਸਕਦੇ ਹਨ ਕਿ ਕੀ ਮੁੱਖ ਮੰਤਰੀ ਉਨ੍ਹਾਂ ਨੂੰ (ਰਾਜਪਾਲ) ਸੰਵਿਧਾਨਕ ਮੁਖੀ ਮੰਨਦੇ ਵੀ ਹਨ ਜਾਂ ਨਹੀਂ। ਮਾਹਿਰ ਆਖਦੇ ਹਨ ਕਿ ਸਰਕਾਰ ਚੁੱਪ ਵਟਦੀ ਹੈ ਤਾਂ ਰਾਜਪਾਲ ਚਿਤਾਵਨੀਨੁਮਾ ਪੱਤਰ ਵੀ ਸਰਕਾਰ ਨੂੰ ਮੁੜ ਭੇਜ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਰਾਜਪਾਲ ਦੇ ਪੱਤਰਾਂ ਦਾ ਜਵਾਬ ਨਾ ਦਿੱਤੇ ਜਾਣ ਨਾਲ ਇਹ ਨਵਾਂ ਸਿਆਸੀ ਖਿਲਾਰਾ ਵਧ ਗਿਆ ਹੈ।

# ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੇ ਪਤੀ ਦਾ ਦੇਹਾਂਤ

ਪੁਣੇ-ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੇ ਪਤੀ ਦੇਵੀ ਸਿੰਘ ਰਣਸਿੰਘ ਸ਼ੇਖਾਵਤ ਦਾ ਅੱਜ ਸਵੇਰੇ ਇੱਥੇ ਦੇਹਾਂਤ ਹੋ ਗਿਆ। ਉਹ 88 ਸਾਲ ਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ ਅਤੇ ਪੁੱਤਰ ਰਾਜਿੰਦਰ ਸਿੰਘ ਸ਼ੇਖਾਵਤ ਹਨ। ਸੂਤਰਾਂ ਅਨੁਸਾਰ ਸ਼ੇਖਾਵਤ 12 ਫਰਵਰੀ ਨੂੰ ਪੁਣੇ ਵਿੱਚ ਆਪਣੇ ਘਰ ਦੇ ਬਾਹਰ ਸਵੇਰ ਦੇ ਸਮੇਂ ਡਿੱਗ ਗਏ ਸਨ। ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ, ਗੁਰਦੇ ਫੇਲ੍ਹ ਹੋਣ ਆਦਿ ਸਮੇਤ ਕਈ ਹੋਰ ਸਮੱਸਿਆਵਾਂ ਪੈਦਾ ਹੋ ਗਈਆਂ ਸਨ।

UNI GLOBAL IMMIGRATION
CONSULTING SERVICES LTD.
*Your Dream......Our Passion*

**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic-cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
*www.homelandmortgage.ca,*
*homelandmortgage@hotmail.com*



KULDIP S PANESAR
Senior Mortgage Advisor
Cell: 604-308-6839

## ਸੰਪਾਦਕੀ

# ਕੈਨੇਡਾ ਦੀ ਪ੍ਰਵਾਸ ਨੀਤੀ, ਚਰਮਰਾਈ ਸਿਹਤ ਪ੍ਰਣਾਲੀ ਤੇ ਫੈਡਰਲ ਫੰਡਿੰਗ ਦਾ ਐਲਾਨ

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਨੂੰ ਪਰਵਾਸੀਆਂ ਦੀ ਪਹਿਲੀ ਪਸੰਦ ਦੇ ਮੁਲਕ ਵਜੋਂ ਵੇਖਿਆ ਜਾਂਦਾ ਹੈ। ਹਰ ਸਾਲ ਲੱਖਾਂ ਪਰਵਾਸੀ ਕੈਨੇਡਾ ਵਿਚ ਸੁਖਦਾਈ ਤੇ ਚੰਗੇਰੇ ਭਵਿੱਖ ਦਾ ਸੁਪਨਾ ਲੈਕੇ ਇਥੇ ਆਉਂਦੇ ਤੇ ਇਸਨੂੰ ਆਪਣੀ ਪੱਕੀ ਰਿਹਾਇਸ਼ ਵਾਲਾ ਮੁਲਕ ਬਣਾਉਂਦੇ ਹਨ। ਕੈਨੇਡਾ ਨੇ ਪਿਛਲੇ ਸਮੇਂ ਦੌਰਾਨ ਆਪਣੀ ਇਮੀਗ੍ਰੇਸ਼ਨ ਨੀਤੀ ਨੂੰ ਸੌਖਾਲਾ ਕਰਦਿਆਂ ਪਰਵਾਸੀਆਂ ਨੂੰ ਖੁੱਲੇ ਮਨ ਨਾਲ ਜੀ ਆਇਆ ਕਿਹਾ ਹੈ। ਭਾਵੇਂਕਿ ਕੋਵਿਡ ਮਹਾਂਮਾਰੀ ਕਾਰਣ ਪਰਵਾਸ ਦਾ ਕੰਮ ਪ੍ਰਭਾਵਿਤ ਵੀ ਹੋਇਆ ਪਰ ਇਸਦੇ ਬਾਵਜੂਦ ਸਾਲ 2020 ਦੌਰਾਨ 1 ਲੱਖ 84 ਹਜਾਰ ਲੋਕਾਂ ਨੂੰ ਪੀ ਆਰ ਦਿੱਤੀ ਗਈ। ਸਾਲ 2021 ਦੌਰਾਨ 4 ਲੱਖ ਪਰਵਾਸੀ ਪੁੱਜੇ। ਪਿਛਲੇ ਸਾਲ ਸਰਕਾਰ ਨੇ 4,31645 ਇਮੀਗ੍ਰਾਂਟਸ ਲਿਆਉਣ ਦਾ ਟੀਚਾ ਮਿਥਿਆ ਸੀ ਪਰ ਆਪਣੇ ਟੀਚੇ ਤੋਂ ਲਗਪਗ 5000 ਵਾਧੂ 4 ਲੱਖ 37,120 ਵਿਅਕਤੀਆਂ ਨੂੰ ਪੀ ਆਰ ਦਿੱਤੀ ਗਈ। ਅੰਕੜਿਆਂ ਤੋਂ ਸਮਝਿਆ ਜਾ ਸਕਦਾ ਹੈ ਕਿ ਪਿਛਲੇ 3 ਸਾਲਾਂ ਦੌਰਾਨ 10 ਲੱਖ ਦੇ ਕਰੀਬ ਪੱਕੇ ਪਰਵਾਸੀ ਕੈਨੇਡਾ ਵਿਚ ਪੁੱਜੇ ਹਨ। ਇਸਤੋਂ ਇਲਾਵਾ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਭਾਰੀ ਵਾਧਾ ਹੋਇਆ ਹੈ। ਸਾਲ 2022 ਵਿਚ ਜਿਥੇ ਪੱਕੇ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਉਥੇ ਇਸ ਸਾਲ 5 ਲੱਖ, 51 ਹਜਾਰ ਕੌਮਾਂਤਰੀ ਵਿਦਿਆਰਥੀਆਂ ਦੇ ਪੁੱਜਣ ਦਾ ਵੀ ਰਿਕਾਰਡ ਹੈ। ਸਾਲ 2021 ਵਿਚ 4 ਲੱਖ 44 ਹਜਾਰ ਵਿਦਿਆਰਥੀ ਆਏ ਸਨ ਤੇ ਇਸਤੋਂ ਪਹਿਲਾਂ 2020 ਵਿਚ ਕੋਵਿਡ ਦੌਰਾਨ ਵੀ ਇਕ ਲੱਖ ਤੋਂ ਉਪਰ ਵਿਦਿਆਰਥੀ ਪੁੱਜੇ ਸਨ। ਸਾਲ 2019 ਤੱਕ ਮੁਲਕ ਵਿਚ ਕੁਲ ਕੌਮਾਂਤਰੀ ਵਿਦਿਆਰਥੀ 6 ਲੱਖ 37 ਹਜਾਰ ਸਨ। ਸਾਲ 2021-22 ਵਿਚ ਕੁਲ 10 ਲੱਖ ਵਿਦਿਆਰਥੀ ਹੋਰ ਆਉਣ ਨਾਲ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 16 ਲੱਖ ਦੇ ਕਰੀਬ ਬਣਦੀ ਹੈ। ਹੁਣ ਸੋਚਿਆ ਜਾ ਸਕਦਾ ਹੈ ਕਿ ਜਿੰਨੀ ਵੱਡੀ ਪੱਧਰ ਤੇ ਮੁਲਕ ਵਿਚ ਇਮੀਗਰਾਂਟਸ ਪੁੱਜੇ ਹਨ, ਸਰਕਾਰ ਨੂੰ ਉਤਨੀ ਵੱਡੀ ਪੱਧਰ ਉਪਰ ਆਪਣੇ ਸ਼ਹਿਰੀਆਂ ਨੂੰ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨਾ ਕਿੰਨਾ ਕੁ ਸੰਭਵ ਹੈ। ਇਸ ਦੌਰਾਨ ਸਿਹਤ ਸਹੂਲਤਾਂ ਦਾ ਜਿੰਨਾ ਮੰਦਾ ਹਾਲ ਵੇਖਣ ਨੂੰ ਮਿਲਿਆ ਉਸਨੇ ਕੈਨੇਡਾ ਦੀ ਸਿਹਤ ਪ੍ਰਣਾਲੀ ਦਾ ਜਲੂਸ ਕੱਢ ਕੇ ਰੱਖ ਦਿੱਤਾ। ਹਸਪਤਾਲਾਂ ਵਿਚ ਮਰੀਜਾਂ ਦੀਆਂ ਲੰਬੀਆਂ ਲਾਈਨਾਂ ਤੇ ਘੰਟਿਆਂ ਬੱਧੀ ਆਪਣੀ ਵਾਰੀ ਦੀ ਉਡੀਕ ਅਤੇ ਕਈ ਵਾਰ ਐਮਰਜੈਂਸੀ



ਰੂਮ ਵਿਚ ਸਟਰੈਚਰ ਉਪਰ ਪਏ ਮਰੀਜਾਂ ਦੇ ਦਮ ਤੋੜ ਜਾਣ ਦੀਆਂ ਵੀ ਦੁਖਦਾਈ ਖਬਰਾਂ ਸਾਹਮਣੇ ਆਈਆਂ। ਕਾਮਨਵੈਲਥ ਹੈਲਥ ਫੰਡ ਦੇ ਪਿਛਲੇ ਸਾਲ ਦੇ ਇਕ ਸਰਵੇਖਣ ਵਿਚ ਵਿਕਸਿਤ ਅਤੇ ਪ੍ਰਤੀ ਵਿਅਕਤੀ ਉਚਤਮ ਆਮਦਨ ਵਾਲੇ 11 ਮੁਲਕਾਂ - ਆਸਟਰੇਲੀਆ, ਫਰਾਂਸ, ਜਰਮਨੀ, ਨੀਦਰਲੈਂਡ, ਨਿਊਜੀਲੈਂਡ, ਨੌਰਵੇ, ਸਵੀਡਨ, ਸਵਿਟਰਜਰਲੈਂਡ, ਯੂਕੇ, ਕੈਨੇਡਾ ਅਤੇ ਯੂ ਐਸ ਏ ਦੀ ਸੂਚੀ ਵਿਚ ਬੇਹਤਰੀਨ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕੈਨੇਡਾ 10ਵੇਂ ਨੰਬਰ ਜਾ ਡਿੱਗਾ ਹੈ। ਸਿਹਤ ਸਹੂਲਤਾਂ ਤੇ ਐਮਰਜੈਂਸੀ ਸੇਵਾਵਾਂ ਖਿਲਾਫ ਲੋਕਾਂ ਦੀ ਨਾਰਾਜ਼ਗੀ ਅਤੇ ਪ੍ਰਾਂਤਕ ਸਰਕਾਰਾਂ ਦੇ ਦਬਾਅ ਉਪਰੰਤ ਕੈਨੇਡਾ ਸਰਕਾਰ ਨੇ ਹੁਣ ਹੈਲਥ ਫੰਡਾਂ ਵਿਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਪਿਛਲੇ ਦਿਨੀਂ ਫੈਡਰਲ ਸਰਕਾਰ ਨੇ ਪ੍ਰੀਮੀਅਰਾਂ ਨੂੰ ਹੈਲਥ ਕੇਅਰ ਲਈ ਅਗਲੇ 10 ਸਾਲਾਂ ਵਿੱਚ £46-ਬਿਲੀਅਨ ਦੀ ਪੇਸ਼ਕਸ਼ ਕੀਤੀ ਹੈ ਜਦੋਂਕਿ ਪ੍ਰੀਮੀਅਰਜ ਵਲੋਂ ਪ੍ਰਤੀ ਸਾਲ £28-ਬਿਲੀਅਨ ਦੀ ਮੰਗ ਕੀਤੀ ਜਾ ਰਹੀ ਸੀ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਹ ਹੁਣ ਅਗਲੇ 10 ਸਾਲਾਂ ਵਿੱਚ ਆਪਣੇ ਸਿਹਤ ਸੰਭਾਲ ਖਰਚਿਆਂ ਵਿੱਚ £196.1-ਬਿਲੀਅਨ ਦਾ ਵਾਧਾ ਕਰੇਗੀ। ਖਬਰ ਹੈ ਕਿ ਸੂਬਿਆਂ ਦੇ ਪ੍ਰੀਮੀਅਰਜ਼ ਨੇ ਫੈਡਰਲ ਸਰਕਾਰ ਦੀ ਨਵੀਂ ਸਿਹਤ ਸੰਭਾਲ ਫੰਡਿੰਗ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ ਜਿਸ ਨਾਲ ਆਉਣ ਵਾਲੇ ਫੈਡਰਲ ਬਜਟ ਵਿਚ ਸੂਬਿਆਂ ਤੇ ਟੈਰੀਟਰੀਜ਼ ਨੂੰ ਫੰਡ ਟਰਾਂਸਫਰ ਕਰਨ ਲਈ ਰਾਹ ਪੱਧਰਾ ਹੋ ਜਾਵੇਗਾ? ਇਸ ਸਬੰਧੀ ਪ੍ਰੀਮੀਅਰਜ਼ ਤੇ ਟੈਰੀਟੋਰੀਅਲ ਨੇਤਾਵਾਂ ਦੀ ਇਕ ਵਰਚੂਅਲ ਮੀਟਿੰਗ ਪਿੱਛੋਂ ਮੈਨੀਟੋਬਾ ਦੀ ਪ੍ਰੀਮੀਅਰ ਹੀਥਰ ਸਟੀਫਨਸਨ ਨੇ ਦੱਸਿਆ ਕਿ ਅਸੀਂ ਫੈਡਰਲ ਫੰਡਾਂ ਨੂੰ ਸਵੀਕਾਰ ਕਰ ਲਿਆ ਹੈ ? ਅਸੀਂ ਇਸ ਨੂੰ ਸਹੀ ਦਿਸ਼ਾ ਵੱਲ ਕਦਮ ਵਜੋਂ ਦੇਖਦੇ ਹਾਂ? ਮੈਨੀਟੋਬਾ ਦੀ ਪ੍ਰੀਮੀਅਰ ਅਤੇ ਕੌਂਸਲ ਆਫ ਫੈਡਰੇਸ਼ਨ ਦੀ ਚੇਅਰ ਮਿਸ ਸਟੀਫਨਸਨ ਦਾ ਕਹਿਣਾ ਹੈ ਕਿ ਇਹ ਸਮਝੌਤਾ ਹਰੇਕ ਸੂਬੇ ਤੇ ਟੈਰੀਟਰੀਜ਼ ਨੂੰ ਆਪੋ ਆਪਣੇ ਵਿਸ਼ੇਸ਼ ਮੁੱਦਿਆਂ 'ਤੇ ਫੈਡਰਲ ਸਰਕਾਰ ਨਾਲ ਦੁਵੱਲੇ ਸਿਹਤ ਫੰਡਿੰਗ ਸਮਝੌਤੇ ਕਰਨ ਲਈ ਰਾਹ ਪੱਧਰਾ ਕਰੇਗਾ? ਉਨ੍ਹਾਂ ਕਿਹਾ ਕਿ ਅਸੀਂ ਇਹ ਵੀ ਮੰਨਦੇ ਹਾਂ ਕਿ ਸਿਹਤ ਸੰਭਾਲ ਫੰਡਿੰਗ ਚੁਣੌਤੀਆਂ ਜਿਨ੍ਹਾਂ ਦਾ ਸੂਬੇ ਤੇ ਟੈਰੀਟਰੀਜ਼ ਸਾਹਮਣਾ ਕਰ ਰਹੇ ਹਨ ਦੇ ਸਬੰਧ ਵਿਚ ਇਹ ਸਮਝੌਤਾ ਲੰਬਾ ਸਮਾਂ ਕੰਮ ਨਹੀਂ ਰਹੇਗਾ, ਇਸ ਲਈ ਅਸੀਂ ਪ੍ਰਧਾਨ ਮੰਤਰੀ ਨੂੰ ਦੂਸਰੇ ਕੁਝ ਮੁੱਦਿਆਂ ਨੂੰ ਹੱਲ ਕਰਨ ਸਬੰਧੀ ਲਿਖਾਂਗੇ? ਪ੍ਰੀਮੀਅਰਜ਼ ਕੈਨੇਡਾ ਹੈਲਥ ਟਰਾਂਸਫਰ ਦੀ ਰਕਮ ਵਧਾ ਕੇ 28 ਬਿਲੀਅਨ ਡਾਲਰ ਕਰਨ ਅਤੇ ਸਾਲਾਨਾ ਪੰਜ ਫ਼ੀਸਦੀ ਦੇ ਵਾਧੇ ਦੀ ਮੰਗ ਕਰ ਰਹੇ ਸਨ? ਇਸੇ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਨੇ ਦੁਵੱਲੇ ਸਿਹਤ ਸਮਝੌਤਾ ਦਾ ਆਧਾਰ ਤਿਆਰ ਕਰਨ ਲਈ ਫੈਡਰਲ ਸਹਿਯੋਗੀਆਂ ਨਾਲ ਗੱਲਬਾਤ ਕੀਤੀ ਜਿਸ ਨਾਲ ਸੂਬੇ ਨੂੰ ਮਾਨਸਿਕ ਸਿਹਤ ਤੇ ਨਸ਼ਾ ਮੁਕਤੀ ਪ੍ਰੋਗਰਾਮ, ਬਜੁਰਗਾਂ ਦੀ ਸਹਾਇਤਾ ਅਤੇ ਸਿਹਤ ਸੰਭਾਲ ਕਾਮਿਆਂ ਦੀ ਮਦਦ ਲਈ ਇਸ ਸਾਲ ਸੂਬੇ ਨੂੰ 600 ਮਿਲੀਅਨ ਡਾਲਰ ਜ਼ਿਆਦਾ ਪੈਸੇ ਮਿਲਣਗੇ? ਪ੍ਰੀਮੀਅਰ ਏਬੀ ਦਾ ਕਹਿਣਾ ਹੈ ਕਿ ਕੋਵਿਡ ਮਹਾਂਮਾਰੀ ਕਾਰਣ ਦਬਾਅ ਹੇਠ ਆਏ ਸਾਡੇ ਸਿਹਤ ਸੰਭਾਲ ਸਿਸਟਮ ਨੂੰ ਸੰਭਾਲਣ ਲਈ ਫੈਡਰਲ ਪੇਸ਼ਕਸ਼ ਕਾਫੀ ਰਾਹਤ ਪਹੁੰਚਾ ਸਕਦੀ ਹੈ। ਸੂਬਿਆਂ ਤੇ ਓਟਵਾ ਵਿਚਾਲੇ ਸਿਹਤ ਸੰਭਾਲ ਫੰਡਿੰਗ ਨੂੰ ਲੈ ਕੇ ਦੋ ਸਾਲ ਤੋਂ ਵੀ ਵੱਧ ਸਮੇਂ ਤੋਂ ਪਏ ਅੜਿਕੇ ਪਿਛੋਂ ਪ੍ਰੀਮੀਅਰ ਏਬੀ ਤੇ ਫੈਡਰਲ ਮੰਤਰੀਆਂ ਵਿਚਾਲੇ ਹੋਈ ਮੀਟਿੰਗ ਕਿਸੇ ਨਤੀਜੇ ਤੇ ਪੁੱਜਣ ਵਾਲੀ ਰਹੀ। ਭਾਵੇਂਕਿ ਫੈਡਰਲ ਸਰਕਾਰ ਵਲੋਂ ਹੈਲਥ ਕੇਅਰ ਲਈ ਇਹ ਫੰਡਿੰਗ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਸਮਰਥਨ ਦੇ ਰਹੀ ਐਨ ਡੀ ਪੀ ਦੇ ਦਬਾਅ ਹੇਠ ਵੀ ਕਹੀ ਜਾ ਸਕਦੀ ਹੈ ਪਰ ਇਹ ਫੰਡਿੰਗ ਚਰਮਰਾ ਗਏ ਸਿਹਤ ਸਿਸਟਮ ਨੂੰ ਲੀਹ ਤੇ ਲਿਆਉਣ ਲਈ ਬਹੁਤ ਜ਼ਰੂਰੀ ਸੀ। ਉਮੀਦ ਕਰਨੀ ਬਣਦੀ ਹੈ ਕਿ ਕੈਨੇਡੀਅਨ ਸ਼ਹਿਰੀਆਂ ਨੂੰ ਹੁਣ ਸਿਹਤ ਸਹੂਲਤਾਂ ਦੀ ਸੌਖਾਲੀ ਪ੍ਰਾਪਤੀ ਲਈ ਕੁਝ ਰਾਹਤ ਨਸੀਬ ਹੋ ਸਕੇਗੀ।






# ਕੈਬਨਿਟ ਮੰਤਰੀ ਸੱਜਣ ਅਫਗਾਨੀ ਨਾਗਰਿਕਾਂ ਨੂੰ ਕੈਨੇਡਾ ਲਿਆਉਣ ਬਾਰੇ ਦਿੱਤੇ ਭਰੋਸੇ ਦੇ ਮੁੱਦੇ ਤੇ ਬੁਰੇ ਫਸੇ

ਓਟਵਾ-ਅੰਤਰਰਾਸ਼ਟਰੀ ਵਿਕਾਸ ਬਾਰੇ ਮੰਤਰੀ ਹਰਜੀਤ ਸਿੰਘ ਸੱਜਣ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਉਸ ਦੇ ਚੋਟੀ ਦੇ ਸਲਾਹਕਾਰ ਵਲੋਂ ਕੈਨੇਡੀਅਨ ਟਰੈਵਲ ਦਸਤਾਵੇਜ਼ ਸੈਨੇਟਰ ਦੇ ਦਫਤਰ ਨੂੰ ਭੇਜਣ ਬਾਰੇ ਪਤਾ ਸੀ ਜਾਂ ਨਹੀਂ ਜਿਹੜੇ ਸੈਂਕੜੇ ਅਫਗਾਨੀਆਂ ਨੂੰ ਵੰਡ ਕੇ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਕੈਨੇਡਾ ਆਉਣ ਲਈ ਵੀਜ਼ਾ ਦਿੱਤਾ ਗਿਆ ਹੈ। ਫੈਡਰਲ ਸਰਕਾਰ ਨੇ ਕਿਹਾ ਕਿ ਉਸ ਨੇ ਇਸ ਕਿਸਮ ਦੇ ਦਸਤਾਵੇਜ਼ ਵੰਡਣ ਲਈ ਕਦੇ ਵੀ ਅਧਿਕਾਰ ਨਹੀਂ ਦਿੱਤਾ ਅਤੇ ਉਸ ਨੇ ਅੰਦਰੂਨੀ ਸਮੀਖਿਆ ਵਿਚ ਇਹ ਸਿੱਟਾ ਕੱਢਣ ਪਿੱਛੋਂ ਮਾਮਲਾ ਪੁਲਿਸ ਨੂੰ ਸੌਂਪ ਦਿੱਤਾ ਕਿ ਦਸਤਾਵੇਜ਼ ਗੈਰਪ੍ਰਮਾਣਿਕ ਸਨ ਪਰ ਕੰਸਰਵੇਟਿਵ ਤੇ ਐਨਡੀਪੀ ਦਾ ਕਹਿਣਾ ਕਿ ਮਾਮਲੇ ਦੀ ਛਾਣਬੀਣ ਸੰਸਦੀ ਕਮੇਟੀ ਕਰੇ ਕਿਉਂਕਿ ਜਾਣਕਾਰੀ ਅਸਪਸ਼ਟ ਹੈ ਕਿ ਕੀ ਪੱਤਰਾਂ ਦੀ ਵਰਤੋਂ ਸਰਕਾਰ ਨੇ ਮਨਜ਼ੂਰੀ ਦਿੱਤੀ ਗਈ ਸੀ ਜਾਂ ਨਹੀਂ। ਪਿਛਲੇ ਹਫ਼ਤੇ ਸੱਜਣ ਦੇ ਦਫ਼ਤਰ ਨੇ ਦੀ ਗਲੋਬ ਐਂਡ ਮੇਲ ਨੂੰ ਇਸ ਬਾਰੇ ਆਪਾ ਵਿਰੋਧੀ ਬਿਆਨ ਦਿੱਤੇ ਕਿ ਕੀ ਮੰਤਰੀ ਨੂੰ ਪਤਾ ਸੀ ਕਿ ਉਸ ਦੇ ਚੀਫ਼ ਆਫ ਸਟਾਫ ਜਾਰਜ ਯੰਗ ਨੇ ਸੈਨੇਟਰ ਮੈਰੀਲੋ ਮੈਕਫੈਡਰਨ ਦੇ ਦਫਤਰ ਨੂੰ ਅਗਸਤ 2021 ਵਿਚ ਸ਼ਰਨਾਰਥੀ ਸੰਕਟ ਦੌਰਾਨ ਦਸਤਾਵੇਜ਼ ਭੇਜੇ ਸਨ। ਸੱਜਣ ਨੇ ਵੀਰਵਾਰ ਮਾਮਲੇ ਨੂੰ ਹੋਰ ਉਲਝਾ ਦਿੱਤਾ। ਦੀ ਗਲੋਬ ਨਾਲ ਮੁਲਾਕਾਤ ਵਿਚ ਉਸ ਨੇ 10 ਵੱਖ ਵੱਖ ਸਵਾਲਾਂ ਨੂੰ ਟਾਲ ਦਿੱਤਾ ਕਿ ਕੀ ਉਨ੍ਹਾਂ ਨੂੰ ਪਤਾ ਸੀ ਕਿ ਕੀ ਯੰਗ ਨੇ ਮਿਸ ਮੈਕਫੈਡਰਨ ਨੂੰ ਵੀਜ਼ਾ ਸੁਵਿਧਾ ਪੱਤਰ ਦਿੱਤੇ ਹਨ ਜਾਂ ਨਹੀਂ। ਇਸ ਹਫ਼ਤੇ ਦੇ ਸ਼ੁਰੂ ਵਿਚ ਉਸ ਦੇ ਬੁਲਾਰੇ ਨੇ ਦੀ ਗਲੋਬ ਨੂੰ ਦੱਸਿਆ ਕਿ ਸੱਜਣ ਨੂੰ ਇਹ ਗੱਲ ਯਾਦ ਨਹੀਂ ਕਿ ਕੀ ਯੰਗ ਨੇ ਸੱਜਣ ਨੂੰ ਆਪਣੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ ਸੀ ਜਾਂ ਨਹੀਂ ਜਿਹੜੇ ਉਸ ਸਮੇਂ ਰੱਖਿਆ ਮੰਤਰੀ ਸਨ। ਬੁਲਾਰਨ ਹੈਲੇ ਹੋਜਸਨ ਨੇ ਫਿਰ ਗਲੋਬ ਨੂੰ ਬਿਆਨ ਭੇਜ ਕੇ ਦੱਸਿਆ ਕਿ ਯੰਗ ਨੇ ਸੱਜਣ ਨੂੰ ਇਹ ਨਹੀਂ ਦੱਸਿਆ ਕਿ ਉਹ ਦਸਤਾਵੇਜ਼ਾਂ ਨੂੰ ਸਾਂਝੇ ਕਰ ਰਿਹਾ ਹੈ। ਮਿਸ ਹੋਜਸਨ ਨੇ ਕਿਹਾ ਕਿ ਉਸ ਨੇ ਕਿਸੇ ਪੱਤਰਾਂ ਜਾਂ ਨਮੂਨਿਆਂ ਦਾ ਅਧਿਕਾਰ ਨਹੀਂ ਦਿੱਤਾ। ਸਰਕਾਰ ਨੇ ਕਿਹਾ ਕਿ ਮਿਸ ਮੈਕਫੈਡਰਨ ਦੇ ਦਫ਼ਤਰ ਵਲੋਂ ਭੇਜੇ ਗਏ ਦਸਤਾਵੇਜ਼ਾਂ ਦੇ ਪ੍ਰਮਾਣਿਕ ਸੰਸਕਰਨ ਇਮੀਗ੍ਰੇਸ਼ਨ ਐਂਡ ਗਲੋਬਲ ਮਾਮਲੇ ਵਿਭਾਗ ਨੇ ਵਰਤੇ ਸਨ ਪਰ ਉਹ ਵੀਜ਼ਾ ਨਹੀਂ ਸਨ। ਇਹ ਪੱਤਰ ਮਿਸ ਮੈਕਫੈਡਰਨ ਅਤੇ ਉਨ੍ਹਾਂ ਦੇ ਸਟਾਫ ਨੇ 2021 ਦੀਆਂ ਗਰਮੀਆਂ ਵਿਚ 640 ਅਫਗਾਨਾਂ ਨੂੰ ਭੇਜੇ ਸਨ ਜਿਹੜੇ ਤਾਲਿਬਾਨ ਦੇ ਜ਼ੁਲਮ ਦੇ ਸ਼ਿਕਾਰ ਸਨ ਅਤੇ ਦੇਸ਼ ਤੋਂ ਦੌੜਨ ਦੀ ਕੋਸ਼ਿਸ਼ ਕਰ ਰਹੇ ਸਨ। ਦਸਤਾਵੇਜ਼ਾਂ ਨਾਲ ਅਫਗਾਨੀਆਂ ਨੂੰ ਇਹ ਗਲਤ ਵਿਸ਼ਵਾਸ਼ ਹੋ ਗਿਆ ਕਿ ਉਨ੍ਹਾਂ ਨੂੰ ਕੈਨੇਡਾ ਆਉਣ ਦੀ ਪ੍ਰਵਾਨਗੀ ਮਿਲ ਗਈ ਹੈ ਅਤੇ ਮਾਮਲਾ ਹੁਣ ਫੈਡਰਲ ਅਦਾਲਤ ਦੇ ਸਾਹਮਣੇ ਹੈ ਜਿਸ ਵਿਚ ਅਫਗਾਨੀਆਂ ਜਿਨ੍ਹਾਂ ਨੂੰ ਪੱਤਰ ਮਿਲੇ ਸਨ ਵਿਚ ਸਰਕਾਰ ਨੂੰ ਦਸਤਾਵੇਜ਼ਾਂ ਦਾ ਸਨਮਾਨ ਕਰਨ ਲਈ ਕਹਿ ਰਹੇ ਹਨ।



# ਸਰੀ ਸਿਟੀ ਵਲੋਂ ਪੁਲਿਸ ਟਰਾਂਜ਼ੀਸ਼ਨ ਲਈ ਪ੍ਰਾਪਰਟੀ ਟੈਕਸ ਵਿਚ 9.5 ਫ਼ੀਸਦੀ ਵਾਧੇ ਦਾ ਪ੍ਰਸਤਾਵ

ਸਰੀ-ਸਿਟੀ ਆਫ ਸਰੀ ਨੇ ਆਪਣਾ ਪੰਜ ਸਾਲ ਦੇ ਬਜਟ ਦਾ ਖਰੜਾ ਜਾਰੀ ਕੀਤਾ ਹੈ ਜਿਸ ਵਿਚ ਪੁਲਿਸ ਟਰਾਂਜ਼ੀਸ਼ਨ ਨਾਲ ਜੁੜੇ



ਖਰਚਿਆਂ ਨੂੰ ਕਵਰ ਕਰਨ ਲਈ 2023 ਲਈ ਪ੍ਰਾਪਰਟੀ ਟੈਕਸ ਵਿਚ ਅੱਧੇ ਤੋਂ ਵੱਧ ਪ੍ਰਾਪਰਟੀ ਟੈਕਸ ਵਿਚ ਵਾਧੇ ਦਾ ਪ੍ਰਸਤਾਵ ਕੀਤਾ ਗਿਆ ਹੈ। ਇਕ ਨਿਊਜ਼ ਰਿਲੀਜ਼ ਵਿਚ ਇਸ ਨੇ ਕਿਹਾ ਕਿ 2023 ਦਾ ਖਰੜਾ ਆਪਰੇਟਿੰਗ ਬਜਟ ਸਰੀ ਵਿਚ ਪੁਲਿਸ ਬਾਰੇ ਫ਼ੈਸਲੇ ਤੋਂ ਬਿਨ੍ਹਾਂ ਬਣਾਇਆ ਗਿਆ ਹੈ ਪਰ ਇਹ ਇਸ ਧਾਰਨਾ 'ਤੇ ਨਿਰਭਰ ਕਰਦਾ ਹੈ ਕਿ ਇਹ ਆਰਸੀਐਮਪੀ ਨੂੰ ਅਧਿਕਾਰਤ ਵਲੋਂ ਵਜੋਂ ਕਾਇਮ ਰੱਖੇਗਾ। ਸਿਟੀ ਦਾ ਕਹਿਣਾ ਕਿ ਅਗਲੇ ਪੰਜ ਸਾਲਾਂ ਵਿਚ ਸਰੀ ਪੁਲਿਸ ਫੋਰਸ ਨਾਲੋਂ ਆਰਸੀਐਮਪੀ ਦਾ ਖਰਚਾ 235 ਮਿਲੀਅਨ ਡਾਲਰ ਘੱਟ ਰਹੇਗਾ ਪਰ ਟਰਾਂਜ਼ੀਸ਼ਨ ਪ੍ਰਕਿਰਿਆ ਕਾਰਨ116.6 ਮਿਲੀਅਨ ਡਾਲਰ ਦੀ ਕਮੀ ਰਹੇਗੀ। ਇਸ ਦਾ ਕਹਿਣਾ ਕਿ ਇਸ ਨੂੰ ਧਿਆਨ ਵਿਚ ਰੱਖਦੇ ਹੋਏ ਜਨਰਲ ਪ੍ਰਾਪਰਟੀ ਟੈਕਸ ਵਿਚ 9.5 ਫ਼ੀਸਦੀ ਵਾਧੇ ਦਾ ਪ੍ਰਸਤਾਵ ਹੈ। ਇਸ ਪ੍ਰਸਤਾਵ ਤੋਂ ਤਿੰਨ ਹਫ਼ਤੇ ਪਹਿਲਾਂ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਵਲੋਂ ਇਹ ਕਿਹਾ ਗਿਆ ਸੀ ਕਿ ਪੁਲਿਸ ਸੇਵਾਵਾਂ ਦੇ ਡਾਇਰੈਕਟਰ ਸ਼ਹਿਰ ਦੀ ਆਰਸੀਐਮਪੀ ਨੂੰ ਆਪਣੀ ਪੁਲਿਸ ਫੋਰਸ ਕਾਇਮ ਰੱਖਣ ਦੀ ਯੋਜਨਾ 'ਤੇ ਵਾਪਸ ਜਾਣ ਸਬੰਧੀ ਫ਼ੈਸਲਾ ਕਰਨ ਤੋਂ ਪਹਿਲਾਂ ਹੋਰ ਜਾਣਕਾਰੀ ਚਾਹੁੰਦੇ ਹਨ। ਸਰੀ ਸਿਟੀ ਦੀ ਨਵੀਂ ਕੌਂਸਲ ਨੇ ਦਸੰਬਰ ਵਿਚ ਇਕ ਮਤਾ ਪਾਸ ਕਰਕੇ ਫਾਰਨਵਰਥ ਨੂੰ ਆਰਸੀਐਮਪੀ ਨੂੰ ਅਧਿਕਾਰਤ ਪੁਲਿਸ ਵਜੋਂ ਬਰਕਰਾਰ ਰੱਖਣ ਲਈ ਯੋਜਨਾ ਭੇਜੀ ਸੀ ਜਦਕਿ ਸਰੀ ਪੁਲਿਸ ਸਰਵਿਸ ਨੇ ਯੋਜਨਾ ਨੂੰ ਰੱਦ ਕਰਨ ਦੀ ਤਾਕੀਦ ਕਰਦਿਆਂ ਕਿਹਾ ਕਿ ਟਰਾਂਜ਼ੀਸ਼ਨ ਨੂੰ ਰੋਕਣ ਦਾ ਮਤਲਬ 375 ਮੁਲਾਜ਼ਮਾਂ ਨੂੰ ਬਰਖਾਸਤ ਕਰਨਾ, ਦੋ ਪੁਲਿਸ ਯੂਨੀਅਨਾਂ ਨੂੰ ਭੰਗ ਕਰਨਾ ਅਤੇ 10 ਮਿਲੀਅਨ ਡਾਲਰ ਦੇ ਪੂਰੇ ਨਾ ਕੀਤੇ ਜਾ ਸਕਣ ਵਾਲੇ ਖਰਚ ਨੂੰ ਸਵੀਕਾਰ ਕਰਨਾ ਹੋਵੇਗਾ। ਮੇਅਰ ਬਰੈਂਡਾ ਲੌਕ ਜਿਸ ਨੇ ਆਰਸੀਐਮਪੀ ਨੂੰ ਕਾਇਮ ਰੱਖਣ ਲਈ ਮੁਹਿਮ ਚਲਾਈ ਸੀ ਨੇ ਸਨਿਚਰਵਾਰ ਇਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਪੁਲਿਸ ਟਰਾਂਜ਼ੀਸ਼ਨ ਦਾ ਤਜਰਬਾ ਹੁਣ ਸ਼ਹਿਰ ਵਾਸੀਆਂ ਤੇ ਕਾਰੋਬਾਰੀਆਂ ਨੂੰ ਮਹਿੰਗਾ ਪੈ ਰਿਹਾ ਹੈ। ਪੁਲਿਸ ਟਰਾਂਜ਼ੀਸ਼ਨ ਨਾਲ ਪੈਸੇ ਨੂੰ ਬਰਬਾਦ ਕੀਤਾ ਗਿਆ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE

India Bookworld
Shop Online At:
www.indiabookworld.ca

ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।


604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਸਿਆਟਲ ਵਿਚ ਜਾਤ ਆਧਾਰਿਤ ਵਿਤਕਰੇ ਖਿਲਾਫ ਪਾਬੰਦੀ ਦਾ ਮਤਾ ਪਾਸ

ਵਾਸ਼ਿੰਗਟਨ-ਸਿਆਟਲ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਾਉਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ। ਭਾਰਤੀ-ਅਮਰੀਕੀ ਆਗੂ ਅਤੇ ਅਰਥਸ਼ਾਸਤਰੀ ਸ਼ਮਾ ਸਾਵੰਤ ਨੇ ਸਿਆਟਲ ਸਿਟੀ ਕਾਊਂਸਿਲ 'ਚ ਵਿਤਕਰਾ ਨਾ ਕਰਨ ਦੀ ਨੀਤੀ 'ਚ ਜਾਤ ਨੂੰ ਸ਼ਾਮਲ ਕਰਨ ਲਈ ਇਕ ਮਤਾ ਪੇਸ਼ ਕੀਤਾ ਸੀ ਜਿਸ ਨੂੰ ਪਾਸ ਕਰ ਦਿੱਤਾ ਗਿਆ ਹੈ। ਉੱਚੀ ਜਾਤ ਦੀ ਹਿੰਦੂ ਆਗੂ ਸ਼ਮਾ ਸਾਵੰਤ ਦੇ ਮਤੇ ਨੂੰ ਸਿਆਟਲ ਦੇ ਸਦਨ ਯਾਨੀ ਸਿਟੀ ਕਾਊਂਸਿਲ 'ਚ ਇਕ ਦੇ ਮੁਕਾਬਲੇ ਛੇ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਅਮਰੀਕਾ 'ਚ ਜਾਤ ਆਧਾਰਿਤ ਵਿਤਕਰੇ ਦੇ ਮਾਮਲੇ 'ਚ ਇਸ ਨਤੀਜੇ ਦਾ ਵੱਡਾ ਅਸਰ ਪੈ ਸਕਦਾ ਹੈ। ਮਤਾ ਪਾਸ ਹੋਣ ਮਗਰੋਂ ਸਾਵੰਤ ਨੇ ਕਿਹਾ,"ਸਾਡੇ ਅੰਦੋਲਨ ਕਾਰਨ ਸਿਆਟਲ 'ਚ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਜੋ ਦੇਸ਼ 'ਚ ਪਹਿਲੀ ਵਾਰ ਹੋਇਆ ਹੈ। ਇਸ ਫ਼ੈਸਲੇ ਦੀ ਜਾਣਕਾਰੀ ਦੇਸ਼ ਭਰ 'ਚ ਫੈਲਾਉਣ ਲਈ ਸਾਨੂੰ ਇਸ ਅੰਦੋਲਨ ਨੂੰ ਅੱਗੇ ਵਧਾਉਣਾ ਹੋਵੇਗਾ।" ਮਤੇ 'ਤੇ ਵੋਟਿੰਗ ਤੋਂ ਪਹਿਲਾਂ ਭਾਰਤੀ-ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜਯਾਪਾਲ ਨੇ ਵੀ ਇਸ ਨੂੰ ਆਪਣੀ ਹਮਾਇਤ ਦਿੱਤੀ ਸੀ। ਉਨ੍ਹਾਂ ਕਿਹਾ,"ਅਮਰੀਕਾ ਸਮੇਤ ਦੁਨੀਆ 'ਚ ਕਿਤੇ ਵੀ ਜਾਤ ਆਧਾਰਿਤ ਵਿਤਕਰੇ ਲਈ ਕੋਈ ਥਾਂ ਨਹੀਂ ਹੈ। ਇਸੇ ਲਈ ਕੁਝ ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਆਪਣੇ ਕੈਂਪਸਾਂ 'ਚ ਇਸ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਵਰਕਰ ਆਪਣੇ ਹੱਕਾਂ ਲਈ ਲੜ ਰਹੇ ਹਨ।" ਸਿਆਟਲ 'ਚ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਮਤੇ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ 'ਇਕੁਐਲਿਟੀ ਲੈਬਸ' ਨੇ ਕਿਹਾ ਕਿ ਇਸ ਫ਼ੈਸਲੇ ਨਾਲ ਪਿਆਰ ਨੇ ਨਫ਼ਰਤ 'ਤੇ ਜਿੱਤ ਹਾਸਲ ਕਰ ਲਈ ਹੈ। ਮਤੇ ਖ਼ਿਲਾਫ਼ ਮੁਹਿਮ ਚਲਾਉਣ ਵਾਲੇ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਕਿਹਾ ਕਿ ਦੱਖਣੀ ਏਸ਼ਿਆਈ ਲੋਕਾਂ ਨੂੰ ਵੱਖ ਕਰਨਾ ਅਤੇ ਗ਼ੈਰ ਵਿਤਕਰੇ ਵਾਲੀ ਨੀਤੀ 'ਚ ਜਾਤ ਨੂੰ ਜੋੜਨਾ ਉਸੇ ਨੀਤੀ ਦੀ ਉਲੰਘਣਾ ਹੈ ਜਿਸ 'ਚ ਹੁਣ ਸੋਧ ਕੀਤੀ ਗਈ ਹੈ। 'ਅੰਬੇਡਕਰ ਫੂਲੇ ਨੈੱਟਵਰਕ ਆਫ ਅਮਰੀਕਨ ਦਲਿਤਸ ਐਂਡ ਬਹੁਜਨਸ' ਦੀ ਮੁਧ ਟੀ ਨੇ ਕਿਹਾ ਕਿ 'ਵਿਵਾਦਤ ਕਾਊਂਸਿਲ ਮੈਂਬਰ' ਵੱਲੋਂ ਮਾੜੀ ਭਾਵਨਾ ਨਾਲ ਅਤੇ ਜਲਦਬਾਜ਼ੀ 'ਚ ਲਿਆਂਦਾ ਗਿਆ ਆਰਡੀਨੈਂਸ ਸਿਰਫ਼ ਦੱਖਣੀ ਏਸ਼ਿਆਈ ਲੋਕਾਂ ਖਾਸ ਕਰਕੇ ਦਲਿਤਾਂ ਅਤੇ ਬਹੁਜਨਾਂ ਨੂੰ ਨੁਕਸਾਨ ਪਹੁੰਚਾਏਗਾ। ਕਈ ਭਾਰਤੀ-ਅਮਰੀਕੀਆਂ ਨੂੰ ਡਰ ਹੈ ਕਿ ਸਰਕਾਰੀ ਨੀਤੀ 'ਚ ਜਾਤ ਨੂੰ ਕੋਡੀਫਾਈ ਕੀਤੇ ਜਾਣ ਨਾਲ ਅਮਰੀਕਾ 'ਚ ਹਿੰਦੂਆਂ ਖ਼ਿਲਾਫ਼ ਨਫ਼ਰਤ ਅਤੇ ਖ਼ੌਫ਼ ਦੇ ਮਾਮਲੇ ਹੋਰ ਵਧਣਗੇ।





# ਸਾਥੀ ਨੂੰ ਛੁਡਾਉਣ ਗਏ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦੀ ਪੁਲਿਸ ਨਾਲ ਝੜਪ-ਥਾਣੇ ਅੰਦਰ ਜ਼ਬਰੀ ਦਾਖਲ ਹੋਏ

**ਸਫ਼ਾ 1 ਦੀ ਬਾਕੀ**

ਐੱਸਐੱਸਪੀ (ਅੰਮ੍ਰਿਤਸਰ ਦਿਹਾਤੀ) ਨੇ ਦੱਸਿਆ ਕਿ ਜੋ ਵੀ ਪੱਖ ਰੱਖਿਆ ਗਿਆ, ਉਸ ਨੂੰ ਵਿਚਾਰਨ ਮਗਰੋਂ ਜੇਲ੍ਹ 'ਚ ਬੰਦ ਲਵਪ੍ਰੀਤ ਸਿੰਘ ਉਰਫ਼ ਤੂਫਾਨ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਕਰਕੇ ਉਸ ਨੂੰ ਭਲਕੇ ਰਿਹਾਅ ਕਰ ਦਿੱਤਾ ਜਾਵੇਗਾ। ਝੜਪ 'ਚ ਪੁਲੀਸ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਸਬੰਧੀ ਉਨ੍ਹਾਂ ਕਿਹਾ ਕਿ ਇਸ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪੁਲੀਸ ਨਾਲ ਟਕਰਾਅ ਦਾ ਕੋਈ ਮੰਤਵ ਨਹੀਂ ਹੈ ਅਤੇ ਉਹ ਝੂਠੇ ਪਰਚੇ ਰੱਦ ਕਰਵਾਉਣ ਲਈ ਆਏ ਹਨ। ਉਨ੍ਹਾਂ ਦੱਸਿਆ ਕਿ ਥਾਣੇ ਅੰਦਰ ਧਰਨਾ ਭਾਵੇਂ ਖ਼ਤਮ ਕਰ ਦਿੱਤਾ ਗਿਆ ਹੈ ਪਰ ਉਹ ਚਾਹਵਾਨ ਸੰਗਤ ਨੂੰ ਅੰਮ੍ਰਿਤਪਾਨ ਕਰਵਾ ਕੇ ਭਲਕੇ ਜੇਲ੍ਹ ਵਿੱਚ ਬੰਦ ਸਾਥੀ ਨੂੰ ਰਿਹਾਅ ਕਰਵਾ ਕੇ ਆਪਣੇ ਨਾਲ ਲਿਜਾਣਗੇ।

# ਕਾਰੋਬਾਰੀਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਦਿੱਤਾ ਹਾਂ-ਪੱਖੀ ਹੁੰਗਾਰਾ

ਐੱਸਏਐੱਸ ਨਗਰ (ਮੁਹਾਲੀ)-ਪੰਜਾਬ ਦੀ ਆਪ ਸਰਕਾਰ ਦੀਆਂ ਸਨਅਤੀ ਨੀਤੀਆਂ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਦਿਆਂ ਦੇਸ਼ ਭਰ ਦੇ ਉਦਯੋਗਪਤੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਗਈਆਂ ਅਹਿਮ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮੇਦਾਂਤਾ ਗਰੁੱਪ ਦੇ ਚੇਅਰਮੈਨ ਡਾ. ਨਰੇਸ਼ ਤ੍ਰੇਹਨ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਵਿਕਾਸਸ਼ੀਲ ਹੈ, ਇਸ ਲਈ ਸੂਬੇ ਵਿੱਚ ਅਥਾਹ ਸੰਭਾਵਨਾਵਾਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਸਹਿਯੋਗ ਨਾਲ ਉਹ ਸਿਹਤ ਖੇਤਰ ਵਿੱਚ ਨਿਵੇਸ਼ ਕਰਨ ਦੇ ਮੌਕੇ ਲੱਭ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਹੋਣ ਦੇ ਬਾਵਜੂਦ ਸੂਬੇ ਦੇ ਉਦਯੋਗਿਕ ਖੇਤਰ ਵਿੱਚ ਬਹੁਤ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ਅਤੇ ਮੁੱਖ ਮੰਤਰੀ ਪ੍ਰਗਤੀਸ਼ੀਲ ਪੰਜਾਬ ਦੀ ਆਸ ਦਾ ਪ੍ਰਤੀਕ ਹਨ। ਗੋਦਰੇਜ ਕੰਜ਼ਿਊਮਰ ਪ੍ਰੋਡਕਟਸ ਲਿਮਟਿਡ ਦੀ ਕਾਰਜਕਾਰੀ ਚੇਅਰਪਰਸਨ ਨਿਸਾਬਾ ਗੋਦਰੇਜ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਨਿਵੇਸ਼ ਉਤਸ਼ਾਹਿਤ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣ ਕੇ ਖ਼ੁਸ਼ੀ ਹੋਈ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ 'ਸਕੂਲ ਆਫ਼ ਐਮੀਨੈਂਸ' ਸਥਾਪਤ ਕਰਨ ਲਈ ਸਰਕਾਰ ਨੂੰ ਸਲੂਟ ਕੀਤਾ। ਭਾਰਤੀ ਗਰੁੱਪ ਦੇ ਵਾਈਸ ਚੇਅਰਮੈਨ ਰਾਕੇਸ਼ ਭਾਰਤੀ ਮਿੱਤਲ ਨੇ ਕਿਹਾ ਕਿ ਪੰਜਾਬ ਉੱਦਮੀ, ਮਿਹਨਤੀ ਅਤੇ ਸਮਰਪਿਤ ਲੋਕਾਂ ਦੀ ਧਰਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਕੁੱਲ ਘਰੇਲੂ ਉਤਪਾਦ ਵਿੱਚ ਵਾਧਾ ਪੰਜਾਬ ਦੀ ਕਾਇਆ-ਕਲਪ ਨੂੰ ਦਰਸਾਉਂਦਾ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸੂਬੇ ਦੀ ਬਿਹਤਰੀ ਲਈ ਦ੍ਰਿੜ੍ਹ ਇਰਾਦੇ ਨਾਲ ਕੰਮ ਕਰਨ ਲਈ ਵਧਾਈ ਦਿੱਤੀ। ਮੁਰੂਗੱਪਾ ਗਰੁੱਪ ਦੇ ਐੱਮਡੀ ਅਰੁਣ ਮੁਰੂਗੱਪਨ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਾਰਥਿਕ ਤੇ ਅਨੁਕੂਲ ਨੀਤੀਆਂ ਦੇ ਨਾਲ ਉੱਚ ਪੱਧਰੇ ਬੁਨਿਆਦੀ ਢਾਂਚੇ ਕਾਰਨ ਹੀ ਪੰਜਾਬ ਬਦਲਾਅ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਉਨ੍ਹਾਂ ਸਰਕਾਰ ਦੇ ਸਿੰਗਲ ਵਿੰਡੋ ਸਿਸਟਮ ਅਤੇ ਵਿਆਪਕ ਇਲੈਕਟ੍ਰਿਕ ਵਾਹਨ ਨੀਤੀ ਸ਼ੁਰੂਆਤ ਕਰਨ ਲਈ ਸਰਕਾਰ ਦੀ ਸ਼ਲਾਘਾ ਕੀਤੀ। ਕਾਰਗਿਲ ਇੰਡੀਆ ਦੇ ਮੁਖੀ ਸਾਈਮਨ ਜਾਰਜ ਨੇ ਕਿਹਾ ਕਿ ਪੰਜਾਬ ਵਿੱਚ ਕੰਮ ਕਰਨ ਦਾ ਤਜਰਬਾ ਬੇਮਿਸਾਲ ਰਿਹਾ ਹੈ। ਸੂਬੇ ਦੀਆਂ ਉਦਯੋਗ ਪੱਖੀ ਨੀਤੀਆਂ ਸਦਕਾ ਉਨ੍ਹਾਂ ਵੱਲੋਂ ਆਉਣ ਵਾਲੇ ਦੋ ਸਾਲਾਂ ਵਿੱਚ ਆਪਣਾ ਨਿਵੇਸ਼ ਦੁੱਗਣਾ ਕਰ ਦਿੱਤਾ ਜਾਵੇਗਾ।

# ਦੁਕਾਨ ਤੋਂ ਪੁਲਿਸ ਦੀਆਂ ਵਰਦੀਆਂ ਚੋਰੀ

ਕੈਲਗਰੀ-ਪੁਲਿਸ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਇਕ ਦੁਕਾਨ ਤੋਂ ਕੁਝ ਵਸਤਾਂ ਚੋਰੀ ਕੀਤੀਆਂ ਗਈਆਂ ਹਨ ਅਤੇ ਚੋਰੀ ਕੀਤੀਆਂ ਵਸਤਾਂ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਭਾਵ ਪੁਲਿਸ ਦੀਆਂ ਵਰਦੀਆਂ ਨਾਲ ਸਬੰਧਤ ਕਪੜੇ ਵੀ ਸ਼ਾਮਿਲ ਹਨ। ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਸ਼ਾਮ 6 ਵਜੇ ਤੋਂ ਪਹਿਲਾਂ ਉਨ੍ਹਾਂ ਨੂੰ ਇਕ ਕਾਰੋਬਾਰ ਤੋਂ ਫੋਨ ਆਇਆ ਸੀ ਜਿਹੜਾ ਕਾਨੂੰਨ ਲਾਗੂ ਕਰਨ ਵਾਲੇ ਅਤੇ ਪੀਸ ਅਫਸਰਾਂ ਲਈ ਵਰਦੀਆਂ ਤਿਆਰ ਕਰਦਾ ਹੈ। ਸਟੋਰ ਦੇ ਸਾਹਮਣੇ ਵਾਲੇ ਪਾਸੇ ਡਿਸਪਲੇਅ ਕੀਤੀਆਂ ਗਈਆਂ ਕਈ ਵਰਦੀਆਂ ਗਾਇਬ ਹਨ ਅਤੇ ਇਨ੍ਹਾਂ ਵਿਚ ਕੈਲਗਰੀ ਅਤੇ ਸਸਕਾਟੂਨ ਪੁਲਿਸ ਸੇਵਾਵਾਂ ਨਾਲ ਸਬੰਧਿਤ ਜੈਕਟਾਂ ਤੇ ਪੈਂਟਾਂ ਸ਼ਾਮਿਲ ਹਨ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਕੋਈ ਅਗਨੀ ਸ਼ਾਸਤਰ, ਗੋਲਾ ਬਾਰੂਦ, ਪੁਲਿਸ ਰੇਡੀਓ ਉਪਕਰਨ ਅਤੇ ਪੁਲਿਸ ਵਲੋਂ ਵਰਤੀਆਂ ਜਾਂਦੀਆਂ ਹੋਰ ਵਸਤਾਂ ਚੋਰੀ ਨਹੀਂ ਹੋਈਆਂ।

# ਆਮ ਆਦਮੀ ਪਾਰਟੀ ਦਾ ਵਿਧਾਇਕ ਅਮਿਤ ਰਤਨ...

**ਸਫ਼ਾ 1 ਦੀ ਬਾਕੀ**

ਦਾ 27 ਫਰਵਰੀ ਤੱਕ ਦਾ ਪੁਲੀਸ ਰਿਮਾਂਡ ਦੇ ਦਿੱਤਾ ਹੈ। ਹੁਣ ਵਿਜੀਲੈਂਸ ਪਿੰਡ ਘੁੱਦਾ ਦੀ ਸਰਪੰਚ ਦੇ ਪਤੀ ਵੱਲੋਂ 'ਰਿਸ਼ਵਤ ਦੇਣ' ਦੇ ਮਾਮਲੇ ਵਿੱਚ 'ਆਪ' ਵਿਧਾਇਕ ਤੋਂ ਪੁੱਛ-ਗਿੱਛ ਕਰੇਗੀ। ਮੀਡੀਆ ਵੱਲੋਂ ਸਵਾਲ ਕਰਨ 'ਤੇ ਅਮਿਤ ਰਤਨ ਨੇ ਕਿਹਾ ਕਿ ਉਹ ਪਾਰਟੀ ਦਾ ਵਫ਼ਾਦਾਰ ਸਿਪਾਹੀ ਹੈ ਅਤੇ ਉਸ ਨੂੰ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ। ਵਿਜੀਲੈਂਸ ਨੇ ਸ਼ਨਿਚਰਵਾਰ ਨੂੰ ਰਸ਼ਿਮ ਗਰਗ ਨਾਂ ਦੇ ਵਿਅਕਤੀ ਨੂੰ ਜ਼ਿਲ੍ਹਾ ਬਠਿੰਡਾ ਦੇ ਪਿੰਡ ਘੁੱਦਾ ਦੀ ਸਰਪੰਚ ਸੀਮਾ ਰਾਣੀ ਦੇ ਪਤੀ ਪ੍ਰਿਤਪਾਲ ਕੁਮਾਰ ਕਾਕਾ ਕੋਲੋਂ 4 ਲੱਖ ਰੁਪਏ ਕਥਿਤ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਮੁਲਜ਼ਮ ਰਸ਼ਿਮ ਗਰਗ ਦੇ ਵਿਧਾਇਕ ਦਾ ਪੀਏ ਵਜੋਂ ਚਰਚਾ ਹੋਣ 'ਤੇ ਵਿਧਾਇਕ ਨੇ ਉਸ ਨੂੰ ਆਪਣਾ ਪੀਏ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਰਸ਼ਿਮ ਪੁਲੀਸ ਰਿਮਾਂਡ 'ਤੇ ਚੱਲ ਰਿਹਾ ਹੈ ਅਤੇ ਪੇਸ਼ੀ ਸਮੇਂ ਅਦਾਲਤ ਨੇ ਉਸ ਦਾ ਇਕ ਦਿਨ ਦਾ ਰਿਮਾਂਡ ਹੋਰ ਵਧਾ ਦਿੱਤਾ। ਸੂਤਰਾਂ ਮੁਤਾਬਕ ਵਿਜੀਲੈਂਸ ਨੇ ਅੱਜ ਵਿਧਾਇਕ, ਰਸ਼ਿਮ ਗਰਗ ਅਤੇ ਸ਼ਿਕਾਇਤਕਰਤਾ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛ-ਗਿੱਛ ਕੀਤੀ।

## ਖ਼ਜ਼ਾਨੇ ਦਾ ਪੈਸਾ ਖਾਣ ਵਾਲਿਆਂ 'ਤੇ ਤਰਸ ਨਹੀਂ ਕਰਾਂਗੇ-ਭਗਵੰਤ ਮਾਨ

ਵਿਜੀਲੈਂਸ ਵੱਲੋਂ 'ਆਪ' ਵਿਧਾਇਕ ਅਮਿਤ ਰਤਨ ਦੀ ਗ੍ਰਿਫ਼ਤਾਰੀ ਮਗਰੋਂ ਪੰਜਾਬ ਦੀ ਸਿਆਸਤ ਮੁੜ ਭਖ਼ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਰਿਸ਼ਵਤਖ਼ੋਰਾਂ ਨਾਲ ਸਖ਼ਤੀ ਨਾਲ ਨਜਿੱਠਣ ਦੀ ਗੱਲ ਆਖੀ ਹੈ। ਉਧਰ ਵਿਰੋਧੀ ਧਿਰਾਂ ਵੀ ਸਰਕਾਰ ਨੂੰ ਘੇਰਨ ਦਾ ਮੌਕਾ ਨਹੀਂ ਖੁੰਝਾ ਰਹੀਆਂ ਹਨ। ਇਸ ਤੋਂ ਪਹਿਲਾਂ ਵਿਜੈ ਸਿੰਗਲਾ ਅਤੇ ਫੌਜਾ ਸਿੰਘ ਸਰਾਰੀ ਨੂੰ ਵੀ ਮੰਤਰੀ ਮੰਡਲ 'ਚੋਂ ਬਾਹਰ ਕਰ ਦਿੱਤਾ ਗਿਆ ਸੀ। ਮੁੱਖ ਮੰਤਰੀ ਨੇ ਮੁੜ ਚਿਤਾਵਨੀ ਦਿੱਤੀ ਹੈ ਕਿ ਸੂਬੇ ਵਿਚ ਰਿਸ਼ਵਤਖ਼ੋਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਨੂੰਨ ਸਾਰਿਆਂ ਲਈ ਇੱਕ ਹੈ ਅਤੇ ਲੋਕਾਂ ਵੱਲੋਂ ਦਿੱਤੇ ਟੈਕਸਾਂ ਦਾ ਪੈਸਾ ਖਾਣ ਵਾਲਿਆਂ 'ਤੇ ਕੋਈ ਰਹਿਮ ਨਹੀਂ ਕੀਤਾ ਜਾਵੇਗਾ।




FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE Multiple Realty Ltd. 768 Kingsway, Vancouver TEL: 604-434-1431 www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY $20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY $778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge. Try offer.
ASKING ONLY $799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND

Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK
KULWANT ATWAL 604-716-2135 | BHAJAN ATWAL 604-773-8426 | 604-773-8426 604-594-7592


Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਨਵੀਆਂ ਪ੍ਰਾਇਮਰੀ ਪਹਿਲ ਕਦਮੀਆਂ ਲਈ ਅਲਬਰਟਾ ਤਿੰਨ ਸਾਲਾਂ ਵਿਚ ਬਜਟ ਵਿਚ ਸ਼ਾਮਿਲ ਕਰੇਗਾ 243 ਮਿਲੀਅਨ ਡਾਲਰ

ਐਡਮਿੰਟਨ-ਫੈਮਿਲੀ ਡਾਕਟਰ ਨੂੰ ਮਿਲਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦੀਆਂ ਰੁਕਾਵਟਾਂ ਘਟਾਉਣ ਵਿਚ ਮਦਦ ਲਈ



ਅਲਬਰਟਾ ਅਗਲੇ ਤਿੰਨ ਸਾਲਾਂ ਵਿਚ ਪ੍ਰਾਇਮਰੀ ਹੈਲਥ ਕੇਅਰ ਲਈ 243 ਮਿਲੀਅਨ ਡਾਲਰ ਵਧੇਰੇ ਪੈਸੇ ਨਿਵੇਸ਼ ਕਰ ਰਿਹਾ ਹੈ। ਸਿਹਤ ਮੰਤਰੀ ਜੈਸਨ ਕੋਪਿੰਗ ਦਾ ਕਹਿਣਾ ਕਿ ਇਹ ਪੈਸਾ ਅਗਲੇ ਹਫ਼ਤੇ ਦੇ ਸੂਬਾ ਬਜਟ ਦਾ ਹਿੱਸਾ ਹੋਵੇਗਾ ਅਤੇ ਇਸ ਵਿਚ ਅਲਬਰਟਾ ਮੈਡੀਕਲ ਐਸੋਸੀਏਸ਼ਨ ਨਾਲ ਨਵਾਂ ਸਮਝੌਤਾ ਕਰਨ ਲਈ ਪਹਿਲਾਂ ਕੀਤੀ ਵਚਨਬੱਧਤਾ ਲਈ 40 ਮਿਲੀਅਨ ਡਾਲਰ ਸ਼ਾਮਿਲ ਹੋਣਗੇ। ਪੈਸੇ ਦਾ ਬਹੁਤਾ ਹਿੱਸਾ ਸਲਾਹਕਾਰ ਪੈਨਲਾਂ ਵਲੋਂ ਮੌਜੂਦਾ ਸਮੇਂ ਅਧਿਐਨ ਕੀਤੀਆਂ ਜਾ ਰਹੀਆਂ ਸਿਫਾਰਸ਼ਾਂ ਲਾਗੂ ਕਰਨ 'ਤੇ ਖਰਚਿਆ ਜਾਵੇਗਾ। ਸਮੀਖਿਆ ਵਿਚ ਪ੍ਰਾਇਮਰੀ ਕੇਅਰ ਨੈੱਟਵਰਕ ਸ਼ਾਮਿਲ ਹੈ ਜਿਸ ਵਿਚ ਡਾਕਟਰਾਂ, ਨਰਸਾਂ ਤੇ ਦੂਸਰੇ ਸਿਹਤ ਪੇਸ਼ਾਵਰਾਂ ਦੇ ਮਿਲ ਕੇ ਕੰਮ ਕਰਨ ਦੇ ਟੀਮ ਆਧਾਰਤ ਦੇਖਭਾਲ ਮਾਡਲ ਸ਼ਾਮਿਲ ਹੈ। ਵਿਰੋਧੀ ਧਿਰ ਨਿਊ ਡੈਮੋਕਰੈਟਸ ਸਿਹਤ ਤੇ ਤੰਦਰੁਸਤੀ ਪ੍ਰੋਵਾਈਡਰਜ਼ ਵਰਗੇ ਵਨ-ਸਟਾਪ ਸਥਾਨਾਂ ਦਾ ਵਾਅਦਾ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਹਿਣਾ ਕਿ ਜੇਕਰ ਉਹ ਅਗਲੀਆਂ ਚੋਣਾਂ ਜਿੱਤਦੇ ਹਨ ਤਾਂ ਉਹ ਪ੍ਰਾਇਮਰੀ ਕੇਅਰ ਨੈੱਟਵਰਕਸ ਨੂੰ ਉਸ ਮਾਡਲ ਵਿਚ ਸ਼ਾਮਿਲ ਕਰਨ ਦਾ ਸਭ ਤੋਂ ਬਿਹਤਰ ਤਰੀਕਾ ਨਿਰਧਾਰਤ ਕਰਨਗੇ।

# ਅਲਬਰਟਾ ਦੀ ਕੈਬਨਿਟ ਮੰਤਰੀ ਰਾਜਨ ਸਾਹਨੀ ਅਗਲੀਆਂ ਚੋਣਾਂ ਨਾ ਲੜਨ ਦਾ ਐਲਾਨ




ਐਡਮਿੰਟਨ-ਅਲਬਰਟਾ ਸਰਕਾਰ ਦੀ ਕੈਬਨਿਟ ਮੰਤਰੀ ਰਾਜਨ ਸਾਹਨੀ ਦਾ ਕਹਿਣਾ ਕਿ ਉਹ ਆ ਰਹੀਆਂ ਸੂਬਾ ਚੋਣਾਂ ਵਿਚ ਮੁੜ ਚੋਣ ਨਹੀਂ ਲੜੇਗੀ। ਵਪਾਰ, ਇਮੀਗ੍ਰੇਸ਼ਨ ਅਤੇ ਬਹੁਸਭਿਆਚਾਰ ਬਾਰੇ ਮੰਤਰੀ ਸਾਹਨੀ ਨੇ ਇਹ ਐਲਾਨ ਸ਼ੁੱਕਰਵਾਰ ਟਵਿੱਟਰ 'ਤੇ ਕੀਤਾ। ਸਾਹਨੀ ਪਹਿਲੀ ਵਾਰ 2019 ਵਿਚ ਕੈਲਗਰੀ-ਨੌਰਥ ਈਸਟ ਤੋਂ ਲੈਜਿਸਲੇਚਰ ਦੇ ਮੈਂਬਰ ਵਜੋਂ ਚੁਣੀ ਗਈ ਸੀ ਅਤੇ ਕਿਹਾ ਕਿ ਉਹ ਸਰਕਾਰ ਦੇ ਮੌਜੂਦਾ ਫਤਵੇ ਦੇ ਖਤਮ ਹੋਣ ਤਕ ਸੇਵਾ ਕਰਦੀ ਰਹੇਗੀ। ਉਸ ਨੇ ਕਿਹਾ ਕਿ ਉਹ ਅਜੇ ਵੀ ਪ੍ਰੀਮੀਅਰ ਡੇਨੀਅਲ ਸਮਿਥ ਦੀ ਕੱਟੜ ਸਮਰਥਕ ਹੈ ਅਤੇ ਮਈ ਪਿੱਛੋਂ ਯੂਨਾਈਟਡ ਕੰਸਰਵੇਟਿਵ ਪਾਰਟੀ ਦੇ ਮੁੜ ਤੋਂ ਸਰਕਾਰ ਬਣਾਉਣ ਦੀ ਆਸ ਕਰਦੀ ਹੈ। ਪਿਛਲੇ ਪੱਤਝੜ ਵਿਚ ਸਾਹਨੀ ਜਿਸ ਨੇ ਸਾਬਕਾ ਪ੍ਰੀਮੀਅਰ ਜੈਸਨ ਕੈਨੀ ਦੇ ਮੰਤਰੀ ਮੰਡਲ ਵਿਚ ਟਰਾਂਸਪੋਰਟ, ਕਮਿਊਨਿਟੀ ਤੇ ਸਮਾਜਿਕ ਸੇਵਾਵਾਂ ਬਾਰੇ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ ਸਨ ਨੇ ਸਮਿਥ ਅਤੇ ਪੰਜ ਦੂਸਰੇ ਉਮੀਦਵਾਰਾਂ ਖਿਲਾਫ ਪਾਰਟੀ ਦੀ ਲੀਡਰਸ਼ਿਪ ਲਈ ਮੁਹਿੰਮ ਚਲਾਈ ਸੀ। 51 ਸਾਲਾ ਸਾਹਨੀ ਨੇ ਇਹ ਨਹੀਂ ਦੱਸਿਆ ਕਿ ਸੂਬਾ ਰਾਜਨੀਤੀ ਛੱਡਣ ਪਿੱਛੋਂ ਉਸ ਦੀਆਂ ਕੀ ਕਰਨ ਦੀਆਂ ਯੋਜਨਾਵਾਂ ਹਨ।

# ਅਸੀਨੀਬੋਇਨ ਕਮਿਊਨਿਟੀ ਕਾਲਜ ਨੂੰ ਵੈਸਟਨ ਫੈਮਿਲੀ ਫਾਊਂਡੇਸ਼ਨ ਤੋਂ ਮਿਲੇ 17 ਲੱਖ ਡਾਲਰ




ਵਿਨੀਪੈਗ-ਜਿਵੇਂ ਜਿਵੇਂ ਅਸੀਨੀਬੋਇਨ ਕਮਿਊਨਿਟੀ ਕਾਲਜ ਦੀ ਪ੍ਰੇਗੀ ਇਨੋਵੇਸ਼ਨ ਸੈਂਟਰ ਫਾਰ ਸਸਟੇਨਏਬਲ ਐਗਰੀਕਲਚਰ ਲਈ ਮੁਹਿੰਮ ਅੱਗੇ ਵਧ ਰਹੀ ਹੈ ਉਸੇ ਤਰ੍ਹਾਂ ਕਾਲਜ ਅਪਲਾਈਡ ਖੋਜ, ਸਿੱਖਿਆ ਅਤੇ ਵਿਸਤਾਰ ਵਿਚ ਲਗਾਤਾਰ ਤਰੱਕੀ ਕਰ ਰਿਹਾ ਹੈ। ਪਿਛਲੇ ਹਫ਼ਤੇ ਕੈਨੇਡਾ ਦੇ ਏਜੀ ਡੇਅ 'ਤੇ ਕਾਲਜ ਨੇ ਵੈਸਟਨ ਫੈਮਿਲੀ ਸੋਇਲ ਹੈਲਥ ਇਨੀਸ਼ੇਟਿਵ ਤੋਂ ਗਰਾਂਟ ਮਿਲਣ ਦਾ ਐਲਾਨ ਕੀਤਾ ਹੈ ਜੋ ਵਾਤਾਵਰਣ ਆਧਾਰਤ ਲਾਭਕਾਰੀ ਪ੍ਰਬੰਧਨ ਦੇ ਕੰਮਾਂ ਨੂੰ ਅਪਨਾਉਣ ਦੇ ਵਿਸਤਾਰ ਦੀ ਕੋਸ਼ਿਸ਼ ਕਰਦਾ ਹੈ ਜੋ ਸਮੁੱਚੇ ਕੈਨੇਡਾ ਵਿਚ ਖੇਤੀ ਵਾਲੀਆਂ ਜ਼ਮੀਨਾਂ 'ਤੇ ਜੈਵ ਵਿਭਿੰਨਤਾ ਅਤੇ ਲਚਕੀਲੇਪਣ ਨੂੰ ਬਿਹਤਰ ਬਣਾਉਣ ਵਾਲੇ ਮਿੱਟੀ ਦੇ ਜੈਵਿਕ ਪਦਾਰਥਾਂ ਨੂੰ ਵਧਾਉਂਦੇ ਹਨ।

# ਜੇਕਰ ਗ੍ਰੈਂਡ ਪ੍ਰੇਰੀ ਆਰਸੀਐਮਪੀ ਦੀ ਥਾਂ ਮਿਊਂਸਪਲ ਅਫਸਰਜ਼ ਰੱਖਦੀ ਹੈ ਤਾਂ ਅਲਬਰਟਾ ਦੇਵੇਗਾ 9.7 ਮਿਲੀਅਨ ਡਾਲਰ

ਐਡਮਿੰਟਨ-ਅਲਬਰਟਾ ਸਰਕਾਰ ਦਾ ਕਹਿਣਾ ਕਿ ਜੇਕਰ ਗ੍ਰੈਂਡ ਪ੍ਰੇਰੀ ਸ਼ਹਿਰ ਆਰਸੀਐਮਪੀ ਦੀ ਥਾਂ ਮਿਊਂਸਪਲ ਪੁਲਿਸ ਫੋਰਸ ਰੱਖਣ ਦਾ ਫ਼ੈਸਲਾ ਕਰਦਾ ਹੈ ਤਾਂ ਉਹ ਉਸ ਨੂੰ 9.7 ਮਿਲੀਅਨ ਡਾਲਰ ਦੇਵੇਗਾ। ਜਨਤਕ ਸੁੱਰਖਿਆ ਬਾਰੇ ਮੰਤਰੀ ਮਾਈਕ ਐਲਿਸ ਨੇ ਦੱਸਿਆ ਕਿ ਜੇਕਰ ਯੂਨਾਈਟਡ ਕੰਸਰਵੇਟਿਵ ਪਾਰਟੀ ਸਰਕਾਰ ਦੇ ਆਉਣ ਵਾਲੇ ਬਜਟ ਵਿਚ ਫੰਡ ਨੂੰ ਮਨਜ਼ੂਰੀ ਦਿੱਤੀ ਗਈ ਤਾਂ ਸਥਾਨਕ ਪੁਲਿਸ ਸਰਵਿਸ ਸ਼ੁਰੂ ਕਰਨ ਨਾਲ ਜੁੜੇ ਖਰਚਿਆਂ ਲਈ ਸ਼ਹਿਰ ਨੂੰ ਦੋ ਸਾਲਾਂ ਵਿਚ ਪੈਸੇ ਦਿੱਤੇ ਜਾਣਗੇ। ਐਲਿਸ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਹ ਨਮੂਨੇ ਦੀ ਤਬਦੀਲੀ ਦਾ ਹਿੱਸਾ ਹੈ ਜਿਹੜੀ ਸਮੁੱਚੇ ਅਲਬਰਟਾ ਦੀ ਪੁਲਿਸ ਵਿਚ ਹੋ ਰਹੀ ਹੈ। ਹੁਣ ਪੁਲਿਸ ਸੇਵਾਵਾਂ ਨੂੰ ਸੂਬੇ ਦੀ ਬਾਂਹ ਵਜੋਂ ਨਹੀਂ ਦੇਖਿਆ ਤੇ ਵਰਤਿਆ ਜਾਵੇਗਾ। ਇਸ ਦੀ ਬਜਾਏ ਉਹ ਇਕ ਵਿਸਥਾਰ ਜਾਂ ਕਮਿਊਨਿਟੀਜ਼ ਦਾ ਪ੍ਰਤੀਬਿੰਬ ਹੋਵੇਗੀ। ਮੌਜੂਦਾ ਸਮੇਂ ਗ੍ਰੈਂਡ ਪ੍ਰੇਰੀ ਵਿਚ ਆਰਸੀਐਮਪੀ ਪੁਲਿਸ ਸੇਵਾਵਾਂ ਮੁਹੱਈਆ ਕਰ ਰਹੀ ਹੈ।

# ਮੈਨੀਟੋਬਾ ਦੇ ਟੌਰੀ ਸ਼ੈਨਨ ਮਾਰਟਿਨ ਵਲੋਂ ਆ ਰਹੀਆਂ ਚੋਣਾਂ ਨਾ ਲੜਨ ਦਾ ਫ਼ੈਸਲਾ

ਵਿਨੀਪੈਗ-ਲੰਬਾ ਸਮਾਂ ਬੈਕਬੈਂਚਰ ਰਹੇ ਮਨੀਟੋਬਾ ਪ੍ਰੋਗਰੈਸਿਵ ਕੰਸਰਵੇਟਿਵ ਸ਼ਾਨਨ ਮਾਰਟਿਨ ਨੇ 3 ਅਕਤੂਬਰ ਨੂੰ ਹੋ ਰਹੀਆਂ ਸੂਬਾ ਚੋਣਾਂ ਨਾ ਲੜਨ ਦਾ ਫ਼ੈਸਲਾ ਕੀਤਾ ਹੈ। ਮਾਰਟਿਨ ਉਨ੍ਹਾਂ ਕਈ ਦੂਸਰੇ ਟੌਰੀਜ਼ ਨੇਤਾਵਾਂ ਵਿਚ ਸ਼ਾਮਿਲ ਹੋ ਗਏ ਹਨ ਜਿਨ੍ਹਾਂ ਨੇ ਪਿਛਲੇ ਮਹੀਨਿਆਂ ਦੌਰਾਨ ਉਸ ਸਮੇਂ ਐਲਾਨ ਕੀਤਾ ਕਿ ਉਹ ਰਾਜਨੀਤੀ ਛੱਡ ਰਹੇ ਹਨ ਜਦੋਂ ਓਪੀਨੀਅਨ ਪੋਲ ਵਿਚ ਟੌਰੀਜ਼ ਵਿਰੋਧੀ ਧਿਰ ਨਿਊ ਡੈਮੋਕਰੈਟਸ ਤੋਂ ਪਿੱਛੇ ਚੱਲ ਰਹੇ ਹਨ। ਇਕ ਮੁਲਾਕਾਤ ਵਿਚ 52 ਸਾਲਾ ਮਾਰਟਿਨ ਨੇ ਕਿਹਾ ਕਿ ਰਾਜਨੀਤਕ ਜੀਵਨ ਇਕ ਰਿਸ਼ਤੇ ਵਾਂਗ ਹੈ। ਤੁਹਾਡੇ ਲਈ ਹਮੇਸ਼ਾ ਉਤਰਾਅ-ਚੜਾਅ ਆਉਂਦੇ ਰਹਿੰਦੇ ਹਨ ਅਤੇ ਕਈ ਵਾਰ ਚੀਜ਼ਾਂ ਕੰਮ ਨਹੀਂ ਕਰਦੀਆਂ। ਮੋਟੇ ਤੌਰ 'ਤੇ 2019 ਵਿਚ ਚੁਣੇ ਇਕ ਤਿਹਾਈ ਟੌਰੀਜ਼ ਨੇ ਪਿਛਲੇ ਮਹੀਨਿਆਂ ਦੌਰਾਨ ਆਪਣੀਆਂ ਸੀਟਾਂ ਤੋਂ ਅਸਤੀਫਾ ਦੇ ਦਿੱਤਾ ਜਾਂ ਐਲਾਨ ਕੀਤਾ ਕਿ ਉਹ ਮੁੜ ਚੋਣ ਨਹੀਂ ਲੜਨਗੇ। ਕੁਝ ਸਾਬਕਾ ਵਿੱਤ ਮੰਤਰੀ ਕੈਮਰੂਨ ਫ੍ਰੀਸਨ ਵਰਗੇ ਸੁਰਖੀਆਂ ਵਿਚ ਰਹਿਣ ਵਾਲੇ ਕੈਬਨਿਟ ਮੰਤਰੀ ਵੀ ਹਨ ਜਿਸ ਨੇ ਪਿਛਲੇ ਮਹੀਨੇ ਐਲਾਨ ਕੀਤਾ ਕਿ ਉਹ ਫੈਡਰਲ ਕੰਸਰਵੇਟਿਵ ਨਾਮਜ਼ਦਗੀ ਲਈ ਸੀਟ ਛੱਡ ਰਿਹਾ ਹੈ।



ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਫ਼ੌਜ ਦਾ ਚੋਰੀ ਹੋਈ ਯੂਟਿਲਟੀ ਮੋਟਰ ਗੱਡੀ ਹੋਪ ਦੀ ਇਕ ਪ੍ਰਾਪਰਟੀ ਵਿਚੋਂ ਮਿਲੀ

ਸਰੀ-ਕੈਨੇਡੀਅਨ ਫ਼ੌਜ ਦੀ ਚੋਰੀ ਹੋਈ ਇਕ ਮੋਟਰ ਗੱਡੀ ਵੈਲਨਟਾਈਨ ਡੇਅ 'ਤੇ ਹੋਪ ਵਿਚ ਇਕ ਘਰ ਵਿਚੋਂ ਲੱਭ ਪਈ ਹੈ। ਮੋਟਰ ਗੱਡੀ ਨੂੰ ਆਮ ਤੌਰ 'ਤੇ ਆਰਗੋ ਕਿਹਾ ਜਾਂਦਾ ਹੈ ਅਤੇ 8 ਪਹੀਆਂ ਵਾਲੀ ਯੂਟਿਲਟੀ ਮੋਟਰ ਗੱਡੀ ਪਿਛਲੇ ਸਾਲ ਨਵੰਬਰ ਵਿਚ ਚਿਲੀਵੈਕ ਦੇ ਕੀਥ ਵਿਲਸਨ ਰੋਡ ਇਲਾਕੇ ਤੋਂ ਚੋਰੀ ਕੀਤੀ ਗਈ ਸੀ। ਫਲੱਡਸ ਰੋਡ ਦੇ 20000 ਬਲਾਕ ਦੇ ਇਕ ਘਰ ਵਿਚੋਂ ਚੋਰੀ ਹੋਈ ਕੇਵਲ ਮੋਟਰ ਗੱਡੀ ਹੀ ਨਹੀਂ ਮਿਲੀ ਪੁਲਿਸ ਨੇ ਚੋਰੀ ਦੀ ਮੋਟਰ ਗੱਡੀ ਦੇ ਨਾਲ ਮਨਾਹੀ ਵਾਲਾ ਇਕ ਅਗਨੀ ਸ਼ਾਸਤਰ ਅਤੇ ਥੋੜੀ ਮਾਤਰਾ ਵਿਚ ਗੈਰਕਾਨੂੰਨੀ ਨਸ਼ੀਲਾ ਪਦਾਰਥ ਵੀ ਬਰਾਮਦ ਕੀਤਾ। ਪੁਲਿਸ ਨੂੰ ਚੋਰੀ ਹੋਏ ਟਰੱਕ ਦਾ ਸਿਰਨਾਵਾਂ ਮਿਲਣ ਪਿੱਛੋਂ ਚਿਲੀਵੈਕ ਦੇ 33 ਸਾਲਾ ਵਿਅਕਤੀ ਫਰੇਜ਼ਰ ਵੈਲੀ ਦੀ 31 ਸਾਲਾ ਔਰਤ ਨੂੰ ਗ੍ਰਿਫਤਾਰ ਕੀਤਾ ਹੈ।

# ਵੈਨ ਦੀ ਟੱਕਰ ਨਾਲ ਪੈਦਲ ਯਾਤਰੀ ਗੰਭੀਰ ਰੂਪ ਵਿਚ ਜ਼ਖ਼ਮੀ

ਸਰੀ-ਕਲੋਵਰਡੇਲ ਵਿਚ 64 ਐਵੀਨਿਊ ਅਤੇ 168 ਸਟਰੀਟ ਦੇ ਚੌਰਾਹੇ 'ਤੇ ਇਕ ਮੋਟਰ ਗੱਡੀ ਦੇ ਪੈਦਲ ਜਾ ਰਹੇ ਯਾਤਰੀ ਨੂੰ ਟੱਕਰ ਮਾਰਨ ਕਾਰਨ ਪੈਦਲ ਯਾਤਰੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਆਰਸੀਐਮਪੀ ਦੀ ਰਿਲੀਜ਼ ਮੁਤਾਬਿਕ ਡੌਜ ਵੈਨ 168 ਸਟਰੀਟ ਦੇ ਚੌਰਾਹੇ ਵਿਖੇ 64 ਐਵੀਨਿਊ 'ਤੇ ਪੂਰਬ ਵਾਲੇ ਪਾਸੇ ਜਾ ਰਹੀ ਸੀ ਜਦੋਂ ਇਸ ਨੇ ਇਕ ਮਰਦ ਪੈਦਲ ਯਾਤਰੀ ਨੂੰ ਟੱਕਰ ਮਾਰੀ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਡੌਜ ਵੈਨ ਦਾ ਡਰਾਈਵਰ ਮੌਕੇ 'ਤੇ ਮੌਜੂਦ ਰਿਹਾ ਅਤੇ ਉਹ ਪੁਲਿਸ ਨਾਲ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ। ਦੁਰਘਟਨਾ ਪਿੱਛੋਂ 168 ਸਟਰੀਟ ਅਤੇ 64 ਐਵੀਨਿਊ ਦੇ ਇਲਾਕੇ ਨੂੰ ਸਵੇਰੇ 9.30 ਵਜੇ ਤੋਂ ਥੋੜਾ ਬਾਅਦ ਬੰਦ ਕਰ ਦਿੱਤਾ ਗਿਆ ਕਿਉਂਕਿ ਪੁਲਿਸ ਜਾਂਚ ਕਰ ਰਹੀ ਹੈ।

# ਨੌਰਥ ਡੈਲਟਾ ਮਾਲ ਦੇ ਮਲਟੀ ਟਾਵਰ ਪੁਨਰ ਵਿਕਾਸ ਲਈ ਮਿਲੀ ਅਰਜ਼ੀ

ਸਰੀ-ਸਿਟੀ ਆਫ ਡੈਲਟਾ ਨੂੰ ਸਕੌਟ ਰੋਡ 'ਤੇ ਇਕ ਸ਼ਾਪਿੰਗ ਸੈਂਟਰ ਦੀ ਮੌਜੂਦਾ ਥਾਂ 'ਤੇ ਚਾਰ ਇਮਾਰਤਾਂ, 800-ਪਲੱਸ-ਹੋਮ ਪ੍ਰਾਜੈਕਟ ਦੇ ਵਿਕਾਸ ਲਈ ਇਕ ਅਰਜ਼ੀ ਮਿਲੀ ਹੈ। 2.4 ਹੈਕਟੇਅਰ ਦੇ ਡੈਲਟਾ ਸ਼ਾਪਰਜ਼ ਮਾਲ (8037 ਤੋਂ 8087 120ਵੀਂ ਸਟਰੀਟ) ਜਿਹੜਾ ਰੀਅਲ ਕੈਨੇਡੀਅਨ ਸੁਪਰਸਟੋਰ ਐਂਡ ਡੈਲਟਾ ਰਾਈਜ਼ ਵਿਚਕਾਰ ਸਥਿਤ ਹੈ ਲਈ ਕੌਂਸਲ ਨੂੰ 13 ਫਰਵਰੀ ਨੂੰ ਰੀਜ਼ੋਨਿੰਗ ਤੇ ਵਿਕਾਸ ਲਈ ਅਰਜ਼ੀ ਮਿਲੀ ਹੈ। ਪ੍ਰਸਤਾਵਤ ਪ੍ਰਾਜੈਕਟ ਵਿਚ 877 ਰੈਜ਼ੀਡੈਂਸ਼ਲ ਯੂਨਿਟ, 11961 ਵਰਗ ਮੀਟਰ ਦਫ਼ਤਰ ਵਾਲੀ ਥਾਂ ਅਤੇ 7502 ਮੀਟਰ ਵਪਾਰਕ ਥਾਂ ਹੋਵੇਗੀ।

# ਪੁਲਿਸ ਨੇ ਘਰ ਦੀ ਤਲਾਸ਼ੀ ਦੌਰਾਨ ਇਕ ਮਿਲੀਅਨ ਡਾਲਰ ਤੋਂ ਵੀ ਵੱਧ ਦਾ ਫੈਂਟਾਨਿਲ ਬਰਾਮਦ ਕੀਤਾ

ਵਿਨੀਪੈਗ-ਪੁਲਿਸ ਨੇ ਦੱਸਿਆ ਕਿ ਡਰੱਗ ਤਸਕਰੀ ਦੀ ਜਾਂਚ ਜਿਹੜੀ ਪਿਛਲੇ ਸਾਲ ਸ਼ੁਰੂ ਕੀਤੀ ਗਈ ਸੀ ਦੇ ਸਿੱਟੇ ਵਜੋਂ 2.67 ਕਿਲੋਗ੍ਰਾਮ ਫੈਂਟਾਨਿਲ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ ਜਿਸ ਬਾਰੇ ਉਨ੍ਹਾਂ ਦਾ ਕਹਿਣਾ ਕਿ ਬਰਾਮਦ ਨਸ਼ੀਲੇ ਪਦਾਰਥ ਦੀ ਕੀਮਤ 10 ਲੱਖ ਡਾਲਰ ਤੋਂ ਜ਼ਿਆਦਾ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਬੰਦੂਕਾਂ ਤੇ ਗੈਂਗਸ ਬਾਰੇ ਯੂਨਿਟ ਨੇ ਨਵੰਬਰ ਵਿਚ ਫੈਂਟਾਨਿਲ, ਕੋਕੀਨ ਅਤੇ ਮੇਥਲਫੇਟਾਮਾਈਨ ਦੀ ਵੱਡੀ ਮਾਤਰਾ ਵਿਚ ਤਸਕਰੀ ਕਰਨ ਦੇ ਸ਼ੱਕ ਵਿਚ ਇਕ ਵਿਅਕਤੀ ਦੀ ਜਾਂਚ ਸ਼ੁਰੂ ਕੀਤੀ ਸੀ। 10 ਫਰਵਰੀ ਨੂੰ ਟੈਕਟੀਕਲ ਸਪੋਰਟ ਟੀਮ ਦੀ ਸਹਾਇਤਾ ਨਾਲ ਪੁਲਿਸ ਨੇ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਘਰ ਦੀ ਤਲਾਸ਼ੀ ਲਈ ਗਈ ਜਿਥੋਂ ਇਕ ਔਰਤ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਦੋਸ਼ ਲਗਾਇਆ ਕਿ ਫੈਂਟਾਨਿਲ ਤੋਂ ਇਲਾਵਾ ਅੰਦਾਜਨ 25900 ਡਾਲਰ ਮੁੱਲ ਦੀ ਕੋਕੀਨ, 27700 ਡਾਲਰ ਮੁੱਲ ਦੀ ਮੇਥਲਫੇਟਾਮਾਈਨ ਅਤੇ ਲਗਪਗ 30000 ਡਾਲਰ ਕੈਨੇਡੀਅਨ ਕਰੰਸੀ ਬਰਾਮਦ ਕੀਤੀ ਗਈ। ਪੁਲਿਸ ਨੂੰ ਜਾਅਲੀ ਕੈਨੇਡੀਅਨ ਕਰੰਸੀ ਵੀ ਮਿਲੀ ਅਤੇ ਜਾਅਲੀ ਕਰੰਸੀ ਬਣਾਉਣ ਵਾਲੇ ਔਜਾਰ ਵੀ ਮਿਲੇ। ਇਨ੍ਹਾਂ ਤੋਂ ਇਲਾਵਾ ਸਕੇਲਜ਼, ਇਕ ਵੈਕਿਊਮ ਸੀਲਰ ਤੇ ਦੋ ਪੈਲਟ ਗਨਜ਼ ਵੀ ਮਿਲੀਆਂ। 39 ਸਾਲਾ ਵਿਅਕਤੀ ਹਿਰਾਸਤ ਵਿਚ ਰਹੇਗਾ ਅਤੇ ਕਈ ਦੋਸ਼ਾ ਦਾ ਸਾਹਮਣਾ ਕਰ ਰਿਹਾ ਹੈ ਜਦਕਿ 38 ਸਾਲਾ ਔਰਤ ਨੂੰ ਹਲਫਨਾਮੇ 'ਤੇ ਰਿਹਾਅ ਕਰ ਦਿੱਤਾ ਗਿਆ ਪਰ ਉਹ ਵੀ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ।




# ਇਸਲਾਮਿਕ ਸਟੇਟ ਵਿਚ ਸ਼ਾਮਿਲ ਹੋਣ ਵਾਲੀ ਬਰਤਾਨਵੀ ਜੰਮਪਲ ਸ਼ਮੀਮਾ ਬੇਗਮ ਨਾਗਰਿਕਤਾ ਰੱਦ ਕਰਨ ਦੇ ਫ਼ੈਸਲੇ ਵਿਰੁੱਧ ਅਪੀਲ ਹਾਰੀ

ਲੰਡਨ-ਬਰਤਾਨੀਆ ਵਿਚ ਇਕ ਇਮੀਗ੍ਰੇਸ਼ਨ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਬਰਤਾਨਵੀ ਜੰਮਪਲ ਔਰਤ ਸ਼ਮੀਮਾ ਬੇਗਮ ਜਿਹੜੀ 15 ਸਾਲ ਦੀ ਉਮਰ ਵਿਚ ਦੋ ਹੋਰ ਕੁੜੀਆਂ ਨਾਲ ਸੀਰੀਆ ਵਿਚ ਇਸਲਾਮਿਕ ਸਟੇਟ ਵਿਚ ਸ਼ਾਮਿਲ ਹੋ ਗਈ ਸੀ ਬਰਤਾਨਵੀ ਸਰਕਾਰ ਵਲੋਂ ਉਸ ਦੀ ਨਾਗਰਿਕਤਾ ਰੱਦ ਕਰਨ ਦੇ ਫ਼ੈਸਲੇ ਖਿਲਾਫ ਆਪਣੀ ਅਪੀਲ ਹਾਰ ਗਈ ਹੈ। ਉੱਤਰੀ ਪੂਰਬੀ ਸੀਰੀਆ ਵਿਚ ਕੁਰਦਾਂ ਵਲੋਂ ਚਲਾਏ ਜਾਂਦੇ ਨਜ਼ਰਬੰਦੀ ਕੈਂਪ ਵਿਚ ਮਿਲਣ ਪਿੱਛੋਂ ਕੌਮੀ ਸੁਰੱਖਿਆ ਦੇ ਆਧਾਰ 'ਤੇ 2019 ਵਿਚ ਬਰਤਾਨਵੀ ਸਰਕਾਰ ਨੇ ਮਿਸ ਬੇਗਮ ਦੀ ਨਾਗਰਿਕਤਾ ਖੋਹ ਲਈ ਸੀ। ਮਿਸ ਬੇਗਮ ਦੀ ਫ਼ੈਸਲੇ ਖਿਲਾਫ ਤਾਜ਼ਾ ਅਪੀਲ ਸਪੈਸ਼ਲ ਇਮੀਗ੍ਰੇਸ਼ਨ ਅਪੀਲ ਕਮਿਸ਼ਨ ਜਿਹੜਾ ਕਿ ਇਕ ਟ੍ਰਿਬਿਊਨਲ ਹੈ ਨੇ ਰੱਦ ਕਰ ਦਿੱਤੀ ਅਤੇ ਇਹ ਟ੍ਰਿਬਿਊਨਲ ਕੌਮੀ ਸੁਰੱਖਿਆ ਦੇ ਆਧਾਰ 'ਤੇ ਨਾਗਰਿਕਤਾ ਖੋਹਣ ਦੇ ਫ਼ੈਸਲਿਆਂ ਖਿਲਾਫ ਅਪੀਲਾਂ ਦੀ ਸੁਣਵਾਈ ਕਰਦਾ ਹੈ। ਸਮਝਿਆ ਜਾਂਦਾ ਹੈ ਕਿ ਮਿਸ ਬੇਗਮ ਤਿੰਨ ਲੜਕੀਆਂ ਵਿਚੋਂ ਇਕੱਲੀ ਹੈ ਜਿਹੜੀ ਅਜੇ ਜਿਉਂਦੀ ਹੈ। ਉਸ ਨੂੰ ਉੱਤਰੀ ਪੂਰਬੀ ਸੀਰੀਆ ਵਿਚ ਅਲ-ਰੋਜ ਨਜ਼ਰਬੰਦੀ ਕੈਂਪ ਵਿਚ ਰੱਖਿਆ ਹੋਇਆ ਸੀ ਅਤੇ ਦਲੀਲ ਦਿੱਤੀ ਕਿ ਗ੍ਰਹਿ ਵਿਭਾਗ ਇਸ ਗੱਲ ਦੀ ਜਾਂਚ ਕਰਨ ਵਿਚ ਨਾਕਾਮ ਰਿਹਾ ਕਿ ਉਹ ਮਨੁੱਖੀ ਤਸਕਰੀ ਦੀ ਸ਼ਿਕਾਰ ਇਕ ਬੱਚਾ ਸੀ। ਅਦਾਲਤ ਦੇ ਬਾਹਰ ਮਿਸ ਬੇਗਮ ਦੇ ਵਕੀਲ ਡੇਨੀਅਲ ਫਰਨਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਫ਼ੈਸਲੇ ਨੂੰ ਚੁਣੌਤੀ ਦੇਣਗੇ। ਉਸ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਸੀਰੀਆ ਵਿਚ ਉਸ ਦੇ ਦਾਖਲੇ ਦਾ ਪ੍ਰਬੰਧ ਇਕ ਕੈਨੇਡੀਅਨ ਏਜੰਟ ਨੇ ਕੀਤਾ ਸੀ ਜਿਹੜਾ ਇਸਲਾਮਿਕ ਸਟੇਟ ਲਈ ਕੰਮ ਕਰਦਾ ਸੀ। ਬਰਤਾਨੀਆ ਦੇ ਗ੍ਰਹਿ ਮੰਤਰਾਲੇ ਨੇ ਫ਼ੈਸਲੇ ਦਾ ਸਵਾਗਤ ਕੀਤਾ ਹੈ।



# ਰੋਕਸਹੈਮ ਰੋਡ ਨਾਲੋਂ ਅਨਿਯਮਤ ਪ੍ਰਵਾਸ ਵੱਡਾ ਮੁੱਦਾ-ਅਮਰੀਕੀ ਰਾਜਦੂਤ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਿਹੜੇ ਕਿਊਬਕ ਵਿਚ ਰੋਕਸਹੈਮ ਰੋਡ ਵਿਖੇ ਅਣਅਧਿਕਾਰਤ ਸਰਹੱਦ ਨੂੰ ਬੰਦ ਕਰਨ ਦੇ ਸੱਦੇ ਦਾ ਸਾਹਮਣਾ ਕਰ ਰਹੇ ਹਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਨਾਲ ਗੱਲਬਾਤ ਕਰਕੇ ਇਸ ਨੂੰ ਬੰਦ ਕਰਨ 'ਤੇ ਕੰਮ ਕਰ ਰਹੀ ਹੈ। ਕਿਉਂਕਿ ਰੋਕਸਹੈਮ ਰੋਡ ਇਕ ਅਧਿਕਾਰਤ ਸਰਹੱਦੀ ਲਾਂਘਾ ਨਹੀਂ ਇਸ ਲਈ ਇਹ ਕੈਨੇਡਾ-ਅਮਰੀਕਾ ਸੇਫ ਥਰਡ ਕੰਟਰੀ ਐਗਰੀਮੈਂਟ ਤਹਿਤ ਨਹੀਂ ਆਉਂਦਾ ਹੈ ਜਿਸ ਤਹਿਤ ਪ੍ਰਵਾਸੀਆਂ ਨੂੰ ਉਸ ਦੇਸ਼ ਵਿਚ ਸ਼ਰਨਾਰਥੀ ਸਟੇਟਸ ਦੀ ਮੰਗ ਕਰਨਾ ਜ਼ਰੂਰੀ ਹੈ ਜਿਥੇ ਉਹ ਪਹਿਲਾਂ ਪਹੁੰਚਦੇ ਹਨ। ਸਮਝੌਤੇ ਦਾ ਮਤਲਬ ਉਨ੍ਹਾਂ ਨੂੰ ਅਧਿਕਾਰਤ ਜ਼ਮੀਨੀ ਲਾਂਘਿਆਂ 'ਤੇ ਵਾਪਸ ਮੋੜਿਆ ਜਾ ਸਕਦਾ ਨਾ ਕਿ ਅਣਅਧਿਕਾਰਤ ਲਾਂਘਿਆਂ 'ਤੇ। ਕਿਊਬਕ ਅਤੇ ਨਿਊਯਾਰਕ ਸਟੇਟ ਵਿਚਕਾਰ ਰਸਤੇ ਰਾਹੀਂ ਹਜ਼ਾਰਾਂ ਸ਼ਰਨਾਰਥੀ ਕੈਨੇਡਾ ਵਿਚ ਦਾਖਲ ਹੁੰਦੇ ਹਨ ਜਿਸ ਨਾਲ ਸੂਬੇ ਤੇ ਫੈਡਰਲ ਸਰਕਾਰ ਵਿਚਕਾਰ ਵਿਵਾਦ ਪੈਦਾ ਹੁੰਦਾ ਹੈ। ਇਕ ਪ੍ਰੈਸ ਕਾਨਫਰੰਸ ਵਿਚ ਟਰੂਡੋ ਨੇ ਕਿਹਾ ਕਿ ਮੁੱਦੇ 'ਤੇ ਹੋ ਰਹੀ ਗੱਲਬਾਤ ਸਮਝੌਤੇ 'ਤੇ ਕੇਂਦਰਿਤ ਹੈ ਪਰ ਉਨ੍ਹਾਂ ਹੋਰ ਸਪਸ਼ਟੀਕਰਨ ਦੇਣ ਤੋਂ ਇਨਕਾਰ ਕਰ ਦਿੱਤਾ। ਕੈਨੇਡਾ ਵਿਚ ਅਮਰੀਕੀ ਰਾਜਦੂਤ ਡੇਵਿਡ ਕੋਹਨ ਨੇ ਕਿਹਾ ਕਿ ਕੈਨੇਡਾ ਤੇ ਅਮਰੀਕਾ ਵਿਚਕਾਰ ਅਣਅਧਿਕਾਰਤ ਲਾਂਘਿਆਂ ਤੋਂ ਪ੍ਰਵਾਸ ਬਾਰੇ ਗੱਲਬਾਤ ਨੂੰ ਰੋਕਸਹੈਮ ਰੋਡ ਨਾਲ ਵੱਡੇ ਮੁੱਦਿਆਂ 'ਤੇ ਕੇਂਦਰਿਤ ਕਰਨ ਦੀ ਲੋੜ ਹੈ। ਕੋਹਨ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਇਕ ਬਹੁਤ ਹੀ ਗੁੰਝਲਦਾਰ ਵਿਸ਼ਾ ਹੈ ਜਿਸ ਨੂੰ ਲੈ ਕੇ ਅਮਰੀਕਾ ਤੇ ਕੈਨੇਡਾ ਅਨਿਯਮਤ ਪ੍ਰਵਾਸ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਤੇ ਨਿਯਮਤ ਮਾਰਗਾਂ ਰਾਹੀਂ ਕ੍ਰਮਬੱਧ ਤੇ ਸੁਰੱਖਿਅਤ ਪ੍ਰਵਾਸ ਨੂੰ ਤਰਜੀਹ ਦੇਣ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਗੱਲਬਾਤ ਜਾਰੀ ਰੱਖ ਰਹੇ ਹਨ।

# ਸੜਕ ਦੁਰਘਟਨਾ ਵਿਚ ਦੋ ਜ਼ਖ਼ਮੀ

ਐਬਟਸਫੋਰਡ-ਇਥੇ ਹਾਈਵੇਅ ਇਕ 'ਤੇ ਕਲੀਅਰਬਰੁੱਕ ਰੋਡ ਐਗਜ਼ਿਟ ਨੇੜੇ ਵੀਰਵਾਰ ਰਾਤ ਨੂੰ ਸਿੰਗਲ ਕਾਰ ਦੁਰਘਟਨਾ ਵਿਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਕਾਰ ਦੇ ਚਾਲਕ ਦੀ ਹਾਲਤ ਗੰਭੀਰ ਹੈ। ਦੋਵਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੁਰਘਟਨਾ ਵਿਚ ਇਕ ਕੁੱਤੇ ਦੀ ਮੌਕੇ 'ਤੇ ਮੌਤ ਹੋ ਗਈ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਅਫਸਰ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਘਟਨਾ ਕਲੀਅਰਬਰੁੱਕ ਰੋਡ ਐਗਜ਼ਿਟ ਨੇੜੇ ਫਰੀਵੇਅ ਦੀ ਪੱਛਮ ਵਾਲੇ ਪਾਸੇ ਨੂੰ ਜਾਣ ਵਾਲੀ ਲੇਨ 'ਤੇ ਰਾਤ 11.15 ਵਜੇ ਵਾਪਰੀ। ਕਾਰ ਸੜਕ ਤੋਂ ਹੇਠਾਂ ਉਤਰ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਗਈ। 23 ਸਾਲਾ ਡਰਾਈਵਰਾਂ ਨੂੰ ਗੰਭੀਰ ਸੱਟਾਂ ਲੱਗੀਆਂ। ਕਾਰ ਵਿਚ ਸਵਾਰ 19 ਸਾਲਾ ਔਰਤ ਵੀ ਜ਼ਖਮੀ ਹੋ ਗਈ। ਵਾਕਰ ਨੇ ਦੱਸਿਆ ਕਿ ਦੁਰਘਟਨਾ ਕਾਰਨ ਕੁੱਤਾ ਕਾਰ ਵਿਚੋਂ ਬਾਹਰ ਡਿਗ ਪਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੁਰਘਟਨਾ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਿਆ।





# ਕਬੱਡੀ ਪ੍ਰਮੋਟਰ ਬਲਵੀਰ ਸਿੰਘ ਬੈਂਸ ਦਾ ਸਨਮਾਨ

ਫਗਵਾੜਾ-ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਫਗਵਾੜਾ ਵੱਲੋਂ ਪਰਵਾਸੀ ਭਾਰਤੀ ਅਤੇ ਉੱਘੇ ਕਬੱਡੀ ਪ੍ਰਮੋਟਰ ਬਲਵੀਰ ਸਿੰਘ ਬੈਂਸ ਕੈਨੇਡਾ ਨੂੰ 'ਪੰਜਾਬ ਦਾ ਮਾਣ' ਐਵਾਰਡ ਨਾਲ ਨਿਵਾਜਿਆ ਗਿਆ। ਇਹ ਐਵਾਰਡ ਉਨ੍ਹਾਂ ਨੂੰ ਪੰਜਾਬ ਰੈਸਿਲੰਗ ਐਸੋਸੀਏਸ਼ਨ ਦੇ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ (ਆਈਪੀਐੱਸ) ਨੇ ਆਪਣੇ ਕਰ ਕਮਲਾਂ ਨਾਲ ਭੇਟ ਕੀਤਾ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਨੇ ਕਿਹਾ ਕਿ ਬਲਵੀਰ ਸਿੰਘ ਬੈਂਸ ਦਾ ਅੰਤਰ-ਰਾਸ਼ਟਰੀ ਪੱਧਰ 'ਤੇ ਕਬੱਡੀ ਨੂੰ ਪ੍ਰਮੋਟ ਕਰਨ ਵਿਚ ਬਹੁਤ ਵੱਡਾ ਤੇ ਸ਼ਲਾਘਾਯੋਗ ਯੋਗਦਾਨ ਹੈ। ਇਸ ਤੋਂ ਇਲਾਵਾ, ਉਹ ਨਾ ਸਿਰਫ ਪੰਜਾਬ ਦੀਆਂ ਹੋਰ ਰਵਾਇਤੀ ਖੇਡਾਂ ਬਲਕਿ ਪੰਜਾਬੀ ਮਾਂ ਬੋਲੀ ਨੂੰ ਵੀ ਵਿਦੇਸ਼ਾਂ ਵਿਚ ਪ੍ਰਮੋਟ ਕਰ ਰਹੇ ਹਨ, ਜੋ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਪਿਆਰ ਹੋਣ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਸਾਰੇ ਪੰਜਾਬ ਨੂੰ ਬਲਵੀਰ ਸਿੰਘ ਬੈਂਸ ਅਤੇ ਉਨ੍ਹਾਂ ਵਰਗੇ ਹੋਰ ਐੱਨਆਰਆਈ ਵੀਰਾਂ 'ਤੇ ਮਾਣ ਹੈ, ਜੋ ਵਿਦੇਸ਼ ਦੀ ਧਰਤੀ 'ਤੇ ਰਹਿੰਦੇ ਹੋਏ ਪੰਜਾਬੀ ਸੱਭਿਆਚਾਰ, ਖੇਡਾਂ ਤੇ ਮਾਂ ਬੋਲੀ ਨੂੰ ਪ੍ਰਫੁੱਲਤ ਕਰ ਰਹੇ ਹਨ। ਬਲਵੀਰ ਸਿੰਘ ਬੈਂਸ ਨੇ ਕਿਹਾ ਕਿ ਇਸ ਮਾਣ-ਸਨਮਾਨ ਨਾਲ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਹੋਈ ਹੈ ਅਤੇ ਭਵਿੱਖ ਵਿਚ ਹੋਰ ਵੀ ਤਨਦੇਹੀ ਨਾਲ ਪੰਜਾਬ ਤੇ ਪੰਜਾਬੀਆਂ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਦਲਵਿੰਦਰ ਸਿੰਘ, ਬਲਵਿੰਦਰ ਸਿੰਘ ਜਨਰਲ ਸਕੱਤਰ, ਮਨੋਜ ਕੁਮਾਰ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਪਾਕਿਸਤਾਨ ਦੀ ਮਦਦ ਲਈ ਅੱਗੇ ਆਇਆ ਚੀਨ, ਦੇਵੇਗਾ 70 ਕਰੋੜ ਡਾਲਰ ਦਾ ਕਰਜ਼ਾ

ਇਸਲਾਮਾਬਾਦ-ਚੀਨ ਨੇ ਪਾਕਿਸਤਾਨ ਨੂੰ 70 ਕਰੋੜ ਡਾਲਰ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਹੈ। ਇਹ ਰਕਮ ਇਸ ਹਫਤੇ ਸੈਂਟਰਲ ਬੈਂਕ ਆਫ ਪਾਕਿਸਤਾਨ ਨੂੰ ਟਰਾਂਸਫਰ ਕਰ ਦਿੱਤੀ ਜਾਵੇਗੀ। ਪਾਕਿਸਤਾਨ ਦੇ ਵਿੱਤ ਮੰਤਰੀ ਇਸਹਾਕ ਡਾਰ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਚਾਈਨਾ ਡਿਵੈਲਪਮੈਂਟ ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਇਹ ਐਲਾਨ ਪਾਕਿਸਤਾਨ ਦੀ ਸੰਸਦ ਨੈਸ਼ਨਲ ਅਸੈਂਬਲੀ ਵਿੱਚ ਸਹਿਮਤੀ ਨਾਲ ਮਨੀ ਬਿੱਲ ਪਾਸ ਹੋਣ ਤੋਂ ਇੱਕ ਦਿਨ ਬਾਅਦ ਕੀਤਾ। ਟੈਕਸ ਮਾਲੀਆ ਵਧਾਉਣ ਦੇ ਇਰਾਦੇ ਨਾਲ ਮਨੀ ਬਿੱਲ ਲਿਆਂਦਾ ਗਿਆ ਸੀ। ਇਹ ਵਿੱਤੀ ਮਦਦ ਸੰਬੰਧੀ ਅੰਤਰਰਾਸ਼ਟਰੀ ਮੁਦਰਾ ਫੰਡ ਦੀਆਂ ਵੱਖ-ਵੱਖ ਸ਼ਰਤਾਂ ਵਿੱਚ ਵੀ ਸ਼ਾਮਲ ਹੈ। ਡਾਰ ਨੇ ਕਿਹਾ ਕਿ ਚਾਈਨਾ ਡਿਵੈਲਪਮੈਂਟ ਬੈਂਕ ਨਾਲ ਸਾਰੀਆਂ ਰਸਮਾਂ ਪੂਰੀਆਂ ਹੋ ਗਈਆਂ ਹਨ ਅਤੇ ਫੰਡ ਸਟੇਟ ਬੈਂਕ ਆਫ ਪਾਕਿਸਤਾਨ ਨੂੰ ਟਰਾਂਸਫਰ ਕਰ ਦਿੱਤੇ ਜਾਣਗੇ। ਉਸਨੇ ਟਵਿੱਟਰ 'ਤੇ ਲਿਖਆ, "ਚਾਈਨਾ ਡਿਵੈਲਪਮੈਂਟ ਬੈਂਕ ਦੇ ਨਿਰਦੇਸ਼ਕ ਮੰਡਲ ਨੇ 700 ਮਿਲੀਅਨ ਡਾਲਰ ਦੇ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਹੈ। ਸਟੇਟ ਬੈਂਕ ਆਫ ਪਾਕਿਸਤਾਨ ਨੂੰ ਇਸ ਹਫਤੇ ਇਹ ਰਕਮ ਮਿਲਣ ਦੀ ਉਮੀਦ ਹੈ। ਇਸ ਨਾਲ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਵਾਧਾ ਹੋਵੇਗਾ। ਇਕ ਰਿਪੋਰਟ ਮੁਤਾਬਕ ਪਾਕਿਸਤਾਨ 'ਤੇ ਚੀਨ ਦਾ ਸਭ ਤੋਂ ਜ਼ਿਆਦਾ ਕਰਜ਼ਾ ਹੈ। ਪਾਕਿਸਤਾਨ 'ਤੇ ਮੌਜੂਦਾ ਕਰਜ਼ੇ ਦਾ 30 ਫੀਸਦੀ ਹਿੱਸਾ ਇਕੱਲੇ ਚੀਨ ਦਾ ਹੈ। ਅਜਿਹੇ 'ਚ ਚੀਨ ਤੋਂ ਨਵੇਂ ਕਰਜ਼ੇ ਕਾਰਨ ਪਾਕਿਸਤਾਨ ਦੀਆਂ ਮੁਸ਼ਕਲਾਂ ਥੋੜ੍ਹੇ ਸਮੇਂ ਲਈ ਦੂਰ ਹੋ ਸਕਦੀਆਂ ਹਨ। ਹਾਲਾਂਕਿ ਕੁਝ ਦਿਨਾਂ ਬਾਅਦ ਪਾਕਿਸਤਾਨ ਦੇ ਸਾਹਮਣੇ ਫਿਰ ਤੋਂ ਦੀਵਾਲੀਆਪਨ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਅਜਿਹੇ 'ਚ ਉਸ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰਹਿਣ ਦਾ ਕੋਈ ਹੋਰ ਤਰੀਕਾ ਲੱਭਣਾ ਹੋਵੇਗਾ।



# ਆਰਥਿਕ ਸੰਕਟ 'ਚੋਂ ਨਿਕਲਣ ਲਈ ਪਾਕਿ ਬੰਦ ਕਰੇਗਾ ਵਿਦੇਸ਼ੀ ਮਿਸ਼ਨ

## ਮੁਲਾਜ਼ਮਾਂ ਦੀ ਹੋਵੇਗੀ ਛਾਂਟੀ

ਇਸਲਾਮਾਬਾਦ-ਪਾਕਿਸਤਾਨ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਸਮੱਸਿਆ ਨੂੰ ਦੂਰ ਕਰਨ ਲਈ ਪਾਕਿਸਤਾਨ ਲਗਾਤਾਰ ਆਪਣੇ ਖਰਚਿਆਂ ਵਿਚ ਕਟੌਤੀ ਕਰ ਰਿਹਾ ਹੈ। ਹੁਣ ਪਾਕਿਸਤਾਨ ਨੇ ਆਪਣੇ ਵਿਦੇਸ਼ੀ ਖਰਚਿਆਂ ਨੂੰ ਘਟਾਉਣ ਦਾ ਫੈਸਲਾ ਕੀਤਾ ਹੈ। ਇਕ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵਿਦੇਸ਼ ਮੰਤਰਾਲੇ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਵਿਦੇਸ਼ੀ ਮਿਸ਼ਨਾਂ, ਦਫਤਰਾਂ ਅਤੇ ਕਰਮਚਾਰੀਆਂ ਦੀ ਗਿਣਤੀ ਘੱਟ ਕਰਨ ਅਤੇ ਹੋਰ ਉਪਾਅ ਕਰਨ ਦੇ ਨਾਲ-ਨਾਲ ਖਰਚਿਆਂ ਵਿਚ 15 ਫੀਸਦੀ ਦੀ ਕਟੌਤੀ ਕਰਨ। ਜਨਵਰੀ ਵਿਚ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਵਲੋਂ ਬਣਾਈ ਗਈ ਰਾਸ਼ਟਰੀ ਆਸਟੇਰਿਟੀ ਕਮੇਟੀ ਨੇ ਆਰਥਿਕ ਸੰਕਟ ਨੂੰ ਦੂਰ ਕਰਨ ਲਈ ਸਰਕਾਰੀ ਕਰਮਚਾਰੀਆਂ ਦੀ ਤਨਖਾਹ ਵਿਚ 10% ਕਟੌਤੀ ਕਰਨ ਦਾ ਪ੍ਰਸਤਾਵ ਦਿੱਤਾ ਸੀ। ਇੰਨਾ ਹੀ ਨਹੀਂ ਕਮੇਟੀ ਨੇ ਮੰਤਰਾਲਿਆਂ ਅਤੇ ਵਿਭਾਗਾਂ ਦੇ ਖਰਚਿਆਂ ਵਿਚ 15 ਫੀਸਦੀ ਕਟੌਤੀ ਦਾ ਪ੍ਰਸਤਾਵ ਰੱਖਿਆ ਹੈ। ਮੰਤਰੀਆਂ ਦੀ ਗਿਣਤੀ ਘਟਾਉਣ ਦੀ ਵੀ ਸਲਾਹ ਦਿੱਤੀ। ਕਮੇਟੀ ਨੇ ਸਰਕਾਰ ਨੂੰ ਸਲਾਹਕਾਰਾਂ ਦੀ ਗਿਣਤੀ 78 ਤੋਂ ਘਟਾ ਕੇ 30 ਕਰਨ ਦੀ ਸਿਫਾਰਸ ਕੀਤੀ, ਜਦਕਿ ਬਾਕੀ ਬਿਨਾਂ ਪੈਸੇ ਦੇ ਕੰਮ ਕਰਨਗੇ। ਪਾਕਿਸਤਾਨ 'ਚ ਮਹਿੰਗਾਈ ਦਰ 30 ਫੀਸਦੀ ਦੇ ਨੇੜੇ ਪਹੁੰਚ ਗਈ ਹੈ। ਆਟਾ-ਦਾਲ-ਚਾਵਲ ਤੋਂ ਲੈ ਕੇ ਪੈਟਰੋਲ-ਡੀਜਲ ਤੱਕ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਮੰਗ ਵਧਣ ਕਾਰਨ ਜ਼ਰੂਰੀ ਵਸਤਾਂ ਦੀ ਕਮੀ ਤੇਜੀ ਨਾਲ ਵਧ ਰਹੀ ਹੈ। ਇਸ ਦੇ ਨਾਲ ਹੀ ਪਾਕਿਸਤਾਨ 'ਚ ਵਿਗੜਦੇ ਹਾਲਾਤ ਤੋਂ ਡਰਦੇ ਲੋਕ ਪਾਕਿਸਤਾਨ ਛੱਡ ਕੇ ਭੱਜਣ ਲੱਗੇ ਹਨ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

**For a fair settlement for your claim, call Mandeep Randhawa today.**

604-449-7500





RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501


mrandhawa@rmlawyers.ca www.rmlawyers.ca


205-7134 King George Boulevard, Surrey, BC V3W 5A3

# ਵੈਨਕੂਵਰ ਵਿਚਾਰ ਮੰਚ ਵੱਲੋਂ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਸੈਮੀਨਾਰ

## ਚੜ੍ਹਦੇ, ਲਹਿੰਦੇ ਅਤੇ ਕੈਨੇਡੀਅਨ ਪੰਜਾਬ ਦੇ ਵਿਦਵਾਨਾਂ ਨੇ ਕੀਤੀ ਸ਼ਮੂਲੀਅਤ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ '21ਵੀਂ ਸਦੀ ਦੀ ਪੰਜਾਬੀ ਭਾਸ਼ਾ ਦਾ ਸਮਦਰਸ਼ੀ ਅਤੇ ਦੂਰਦਰਸ਼ੀ ਮੁਲਾਂਕਣ' ਵਿਸ਼ੇ ਉੱਪਰ ਇੱਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਭਾਰਤੀ ਪੰਜਾਬ, ਪੱਛਮੀ ਪੰਜਾਬ ਅਤੇ ਕੈਨੇਡੀਅਨ ਪੰਜਾਬ ਦੇ ਵਿਦਵਾਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਸੱਦਾ ਦਿੱਤਾ ਗਿਆ। ਸੈਮੀਨਾਰ ਦਾ ਆਗ਼ਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਵੱਲੋਂ ਸਰੋਤਿਆਂ ਨੂੰ ਮੰਚ ਦੀਆਂ ਸਰਗਰਮੀਆਂ ਨਾਲ ਰੂ-ਬ-ਰੂ ਕਰਵਾਉਣ ਨਾਲ ਹੋਇਆ। ਉਹਨਾਂ ਦੱਸਿਆ ਕਿ ਕਿਵੇਂ ਇਹ ਮੰਚ ਮੁੱਢ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਕਥਨ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਮੁਤਾਬਿਕ ਸੰਵਾਦ ਪਰੰਪਰਾ ਨਿਰੰਤਰ ਰੱਖਣ ਲਈ ਗਤੀਸ਼ੀਲ ਰਿਹਾ ਹੈ। ਉਹਨਾਂ ਨੇ ਸੈਮੀਨਾਰ ਵਿੱਚ ਭਾਗ ਲੈਣ ਵਾਲਿਆਂ ਨੂੰ ਜੀ ਆਇਆਂ ਕਿਹਾ। ਸਵਾਗਤ ਉਪਰੰਤ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਮਾਤ-ਭਾਸ਼ਾ ਦਿਵਸ ਦੀ ਮਹੱਤਤਾ ਬਾਰੇ ਸੰਖੇਪ ਵਿੱਚ ਗੱਲ ਕਰਦਿਆਂ ਸੈਮੀਨਾਰ ਦੇ ਚਾਰੇ ਬੁਲਾਰਿਆਂ ਦੀਆਂ ਪ੍ਰਾਪਤੀਆਂ ਉਪਰ ਰੌਸ਼ਨੀ ਪਾਈ। ਇਸ ਸੈਮੀਨਾਰ ਦੇ ਪਹਿਲੇ ਬੁਲਾਰੇ ਕੈਨੇਡਾ ਦੀ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਲੈਕਚਰਾਰ ਗੁਰਿੰਦਰ ਸਿੰਘ ਮਾਨ ਸਨ, ਜਿਹਨਾਂ ਦੇ ਕੈਨੇਡਾ ਦੀ ਧਰਤੀ ਉਪਰ ਪੰਜਾਬੀ ਭਾਸ਼ਾ ਦੀ ਸਥਿਤੀ ਦੇ ਸੰਦਰਭ ਵਿੱਚ ਗੱਲ ਕਰਦਿਆਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਉਥੇ ਪੰਜਾਬੀ ਕੋਰਸਾਂ ਵਿੱਚ ਦਿਖਾਈ ਜਾ ਰਹੀ ਰੁਚੀ ਪੰਜਾਬੀ ਭਾਸ਼ਾ ਦੇ ਉੱਜਲ ਭਵਿੱਖ ਵੱਲ ਯਕੀਨਨ ਇੱਕ ਹਾਂ-ਪੱਖੀ ਸੰਕੇਤ ਹੈ ਪਰੰਤੂ ਵਿਦਿਆਰਥੀਆਂ ਅੰਦਰ ਇਸ ਦਿਲਚਸਪੀ ਨੂੰ ਪੈਦਾ ਕਰਨ ਅਤੇ ਬਰਕਰਾਰ ਰੱਖਣ ਦੀ ਮੁੱਢਲੀ ਜਿੰਮੇਵਾਰੀ ਮਾਪਿਆਂ ਦੀ ਹੈ ਜਿਸ ਪ੍ਰਤੀ ਚੇਤੰਨਤਾ ਦੀ ਬੇਹੱਦ ਜ਼ਰੂਰਤ ਹੈ। ਭਾਰਤੀ ਪੰਜਾਬ ਵਿੱਚ ਉਚੇਰੀ ਸਿੱਖਿਆ ਵਿੱਚ ਘਟ ਰਹੀ ਵਿਦਿਆਰਥੀਆਂ ਦੀ ਦਿਲਚਸਪੀ ਦੀ ਸਮੱਸਿਆ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਮੁਖੀ ਡਾ.ਮਨਜਿੰਦਰ ਸਿੰਘ ਨੇ ਮੁਖਾਤਿਬ ਹੁੰਦਿਆਂ ਹੀਣ-ਭਾਵਨਾ, ਰੁਜ਼ਗਾਰ ਦੀ ਅਸੁਰੱਖਿਆ, ਪਰਵਾਸ ਆਦਿ ਕਈ ਕਾਰਨਾਂ ਨੂੰ ਕੇਂਦਰਿਤ ਕਰਕੇ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਉਪਰ ਲਾਈਆਂ ਰੋਕਾਂ,






ਪੰਜਾਬੀ ਮਨੋਰੰਜਨ ਇੰਡਸਟਰੀ ਵੱਲੋਂ ਫਿਲਮਾਂ ਅਤੇ ਗੀਤਾਂ ਵਿੱਚ ਪ੍ਰਸਾਰਿਤ ਕੀਤੀ ਜਾ ਰਹੀ ਭਾਸ਼ਾ, ਵਿਦੇਸ਼ਾਂ ਦੀ ਧਰਤੀ ਉਪਰ ਬੋਲੀ ਜਾ ਰਹੀ ਪੰਜਾਬੀ ਭਾਸ਼ਾ ਦੇ ਰੂਪਾਂ ਅਤੇ ਪ੍ਰਭਾਵਾਂ ਨੂੰ ਵੀ ਆਪਣੀ ਚਰਚਾ ਵਿੱਚ ਕੇਂਦਰਿਤ ਕੀਤਾ। ਡਾ. ਮਨਜਿੰਦਰ ਸਿੰਘ ਉਪਰੰਤ ਯਾਦਵਿੰਦਰ ਕਰਫਿਊ ਨੇ ਇੱਕ ਪੱਤਰਕਾਰ ਦੇ ਨਜ਼ਰੀਏ ਤੋਂ ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਸਬੰਧੀ ਆਪਣੀ ਗੱਲ ਨੂੰ ਪੰਜਾਬ ਸੰਕਟਾਂ ਦੇ ਪ੍ਰਭਾਵਾਂ ਤੋਂ ਸ਼ੁਰੂ ਕਰ ਕੇ ਅੱਜ ਦੇ ਕਾਰਪੋਰੇਟ ਸਮਾਜ ਵੱਲੋਂ ਮੰਡੀ ਅਤੇ ਮੁਨਾਫ਼ੇ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਕੇ ਪੰਜਾਬੀ ਭਾਸ਼ਾ ਦੀ ਕੀਤੀ ਜਾ ਰਹੀ ਵਰਤੋਂ ਤੱਕ ਸੀਮਤ ਕਰਦਿਆਂ ਪੰਜਾਬੀ ਦੇ ਇੱਕ ਬਿਹਤਰ ਭਵਿੱਖ ਦੀ ਕਾਮਨਾ ਕੀਤੀ। ਪਾਕਿਸਤਾਨ ਵਿੱਚ ਪੰਜਾਬੀ ਦੇ ਪਹਿਲੇ ਪੀਐਚ. ਡੀ. ਅਤੇ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਦੇ ਅਸਿਸਟੈਂਟ ਪ੍ਰੋਫੈਸਰ ਡਾ. ਕਲਿਆਣ ਸਿੰਘ ਨੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਥਾਪਤੀ ਲਈ ਧਾਰਮਿਕ, ਸਮਾਜਿਕ, ਇਤਿਹਾਸਕ ਪੱਧਰ 'ਤੇ ਸਮੇਂ-ਸਮੇਂ ਪੈਦਾ ਹੁੰਦੀਆਂ ਰਹੀਆਂ ਰੁਕਾਵਟਾਂ ਅਤੇ ਮੌਜੂਦਾ ਅੜਚਣਾਂ ਦਾ ਜ਼ਿਕਰ ਕਰਕੇ ਉਹਨਾਂ ਦੇ ਹੱਲ ਲਈ ਕੀਤੇ ਗਏ ਸੰਘਰਸ਼ ਨੂੰ ਆਪਣੀ ਵਿਚਾਰ-ਚਰਚਾ ਵਿੱਚ ਕੇਂਦਰਿਤ ਕੀਤਾ। ਉਹਨਾਂ ਨੇ ਅਕਾਦਮਿਕ ਹਲਕਿਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਅੱਜ ਵੱਧ ਰਹੀ ਵਿਦਿਆਰਥੀਆਂ ਦੀ ਰੁਚੀ ਅਤੇ ਚੇਤਨਾ ਨੂੰ ਪੰਜਾਬੀ ਭਾਸ਼ਾ ਦਾ ਇੱਕ ਸੁਨਹਿਰੀ ਭਵਿੱਖ ਦੱਸਿਆ। ਇਸ ਉਪਰੰਤ ਸੰਵਾਦ ਪਰੰਪਰਾ ਦੇ ਅੰਤਰਗਤ ਸਰੋਤਿਆਂ ਅਤੇ ਬੁਲਾਰਿਆਂ ਵਿੱਚ ਹੋਏ ਸਵਾਲ-ਜਵਾਬ ਸਦਕਾ ਕਈ ਵਿਚਾਰ ਉੱਭਰ ਕੇ ਸਾਹਮਣੇ ਆਏ। ਮੰਚ ਦੇ ਖਜ਼ਾਨਚੀ ਅੰਗਰੇਜ਼ ਸਿੰਘ ਬਰਾੜ ਨੇ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੀ ਗੱਲ ਕਰਦਿਆਂ ਸਾਰੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਮੰਚ ਵੱਲੋਂ ਮਾਰਚ ਮਹੀਨੇ ਵਿੱਚ 'ਪਰਵਾਸੀ ਪੰਜਾਬੀ ਕਵਿਤਾ' ਸਬੰਧੀ ਸੈਮੀਨਾਰ ਕਰਵਾਉਣ ਦਾ ਐਲਾਨ ਕੀਤਾ ਅਤੇ ਯਕੀਨ ਦਿਵਾਇਆ ਕਿ ਇਹ ਮੰਚ ਇਸੇ ਲਗਨ ਨਾਲ ਸੈਮੀਨਾਰ, ਗੋਸ਼ਟੀਆਂ ਉਲੀਕਦਾ ਰਹੇਗਾ। ਸੈਮੀਨਾਰ ਦੌਰਾਨ ਮੰਚ ਦਾ ਸੰਚਾਲਨ ਡਾ.ਹਰਜੋਤ ਕੌਰ ਖੈਹਿਰਾ ਅਤੇ ਡਾ.ਯਾਦਵਿੰਦਰ ਕੌਰ ਵੱਲੋਂ ਬਾਖ਼ੂਬੀ ਕੀਤਾ ਗਿਆ। ਸੈਮੀਨਾਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੈਂਟਰਲ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਐੱਸ.ਐੱਮ.ਵੀ ਕਾਲਜ, ਐਤਰੀ ਕਾਲਜ ਦਿੱਲੀ ਆਦਿ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।

# ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਆਪਣੀ ਪੁਸਤਕ 'ਕੰਡਿਆਰੇ ਪੰਧ' ਡਾ. ਇੰਦਰਵੀਰ ਸਿੰਘ ਨੂੰ ਭੇਂਟ ਕੀਤੀ

ਮੋਗਾ (ਹਰਦਮ ਮਾਨ)-ਕੈਨੇਡਾ ਦੇ ਸ਼ਹਿਰ ਸਰੀ ਵਿਚ ਵਸਦੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਇਨ੍ਹੀਂ ਦਿਨੀਂ ਪੰਜਾਬ ਆਏ ਹੋਏ ਹਨ ਅਤੇ ਮੋਗਾ ਵਿਖੇ ਆਪਣੇ ਪੁੱਤਰ ਨਵਨੀਤ ਸਿੰਘ ਸੇਖਾ ਕੋਲ ਠਹਿਰੇ ਹੋਏ ਹਨ। ਉਨ੍ਹਾਂ ਦੀ ਆਮਦ ਦਾ ਪਤਾ ਲਗਦਿਆਂ ਬੀਤੇ ਦਿਨ ਉੱਘੇ ਟਰੇਡ ਯੂਨੀਨਿਸਟ, ਕਮਿਊਨਿਸਟ ਤੇ ਅਧਿਆਪਕ ਆਗੂ ਮਰਹੂਮ ਰਣਧੀਰ ਸਿੰਘ ਗਿੱਲ ਦੇ ਸਪੁਤੱਰ ਡਾਕਟਰ ਇੰਦਰਵੀਰ ਸਿੰਘ ਗਿੱਲ (ਐਸ.ਐਮ.ਓ. ਡਰੋਲੀ ਭਾਈ) ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਨਿਵਾਸ ਸਥਾਨ ਤੇ ਗਏ। ਜਰਨੈਲ ਸਿੰਘ ਸੇਖਾ ਨੇ ਉਨਾਂ ਨਾਲ ਰਣਧੀਰ ਸਿੰਘ ਗਿੱਲ ਦੇ ਸਦੀਵੀ ਵਿਛੋੜੇ ਦਾ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਦੇ ਟਰੇਡ ਯੂਨੀਅਨ ਸਬੰਧੀ ਕਾਰਜਾਂ ਸਬੰਧੀ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਜੁੜੀਆਂ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ। ਇਸ ਗੱਲਬਾਤ ਦੌਰਾਨ ਸਾਹਿਤ ਸਬੰਧੀ ਚਰਚਾ ਵੀ ਹੋਈ ਅਤੇ ਸ. ਸੇਖਾ ਨੇ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਆਪਣੀ ਸਵੈ-ਜੀਵਨੀ 'ਕੰਡਿਆਰੇ ਪੰਧ' ਦੀ ਇਕ ਕਾਪੀ ਡਾ. ਇੰਦਰਵੀਰ ਸਿੰਘ ਨੂੰ ਭੇਂਟ ਕੀਤੀ। ਇਸ ਮੌਕੇ ਨਵਨੀਤ ਸਿੰਘ ਸੇਖਾ ਅਤੇ ਹਰਦਮ ਮਾਨ ਵੀ ਮੌਜੂਦ ਸਨ।




OASIS WINDOWS INC.

OASIS WINDOWS

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

ENERGY STAR

MEMBER BBB BC Mainland

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES

Lifetime Limited Warranty



"We are not satisfied until you are"

Phone: (604) 597 - 5033 Fax: (604) 597 - 5029

Tollfree: 1-800-665-2350

19025-52nd Ave., Surrey, BC

Serving Alberta, British Columbia, Washington & California Since 1989

www.oasiswindows.com

Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Superior Mortgage

Unit 244-8138-128 Street, Surrey

Our Symbol of Care & Service

604 507 1000



JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜਰਬਾ

• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE



- ਮੁਫਤ ਐਸਟੀਮੇਟ ਲਈ ਫੋਨ ਕਰੋ:

ਸੁਖਵਿੰਦਰ ਸਿੰਘ ਜੋਸਨ

604.250.1686



Email: sukhwinderjosan25@gmail.com

# Prism Lawyers

*Reliable & Effective Legal Solutions*

- Immigration Services
- Real Estate Sale, Purchase, Refinance (Residential and Commercial)
- Family Law
- Personal Injury
- Wills and Estates
- Incorporation of Business
- All Notary Services
- Sponsorship Letters
- Power of Attorney

- ਇੰਮੀਗ੍ਰੇਸ਼ਨ ਸੇਵਾਵਾਂ
- ਰਿਅਲ ਅਸਟੇਟ ਵੇਚਣਾ, ਖਰੀਦਣਾ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ)
- ਫੈਮਿਲੀ ਲਾਅ
- ਪਰਸਨਲ ਇੰਜਰੀ
- ਵਿਲਜ਼ ਅਤੇ ਅਸਟੇਟ
- ਕਾਰੋਬਾਰਾਂ ਦੀ ਇਨਕਾਰਪੋਰੇਸ਼ਨ
- ਹਰ ਤਰ੍ਹਾਂ ਦੀਆਂ ਨੌਟਰੀ ਸੇਵਾਵਾਂ
- ਸਪਾਂਸਰਸ਼ਿਪ ਲੈਟਰਜ਼
- ਪਾਵਰ ਆਫ਼ ਅਟਾਰਨੀ






**Rupinder Randhawa**
Barrister and Solicitor

**Prism Law Corporation**
Unit 349 – 8140 128 St.
Surrey, BC V3W 1R1

**T: (778) 683 2130**
F: (888) 512 6566
ask@prismlawyers.com


Bank Turndown? Could be just what you need!
Quick Private Funds
$10,000 to $1 Million in just 24 Hours
Up to $5 Million Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ ਪਟਿਆਲਾ ਵਿਖੇ ਮਨਾਇਆ ਗਿਆ ਕੌਮਾਂਤਰੀ ਮਾਤ-ਭਾਸ਼ਾ ਦਿਵਸ

## ਕੈਨੇਡਾ ਵਸਦੇ ਸ਼ਾਇਰ ਜਸਵਿੰਦਰ, ਹਰਦਮ ਮਾਨ, ਰਾਜਵੰਤ ਰਾਜ ਅਤੇ ਗਿਆਨ ਸਿੰਘ ਕੰਗ ਦਾ ਸਨਮਾਨ

ਪਟਿਆਲਾ-ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ ਪਟਿਆਲਾ ਦੀ ਲਿਟਰੇਰ ਸੁਸਾਇਟੀ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ ਨਾਭਾ ਦੇ ਸਹਿਯੋਗ ਨਾਲ ਕੌਮਾਂਤਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਰੂ-ਬ-ਰੂ ਤੇ ਪੁਸਤਕ ਲੋਕ ਅਰਪਣ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕੈਨੇਡਾ ਤੋਂ ਆਏ ਗਜ਼ਲਗੋ ਜਸਵਿੰਦਰ (ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਵੀ), ਹਰਦਮ ਮਾਨ ਕੈਨੇਡਾ, ਰਾਜਵੰਤ ਰਾਜ ਕੈਨੇਡਾ ਅਤੇ ਗਿਆਨ ਸਿੰਘ ਕੰਗ ਪ੍ਰਧਾਨ, ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕੀਤੀ ਅਤੇ ਡਾ. ਮਾਨ ਸਿੰਘ ਢੀਂਡਸਾ (ਸੇਵਾ ਮੁਕਤ ਪ੍ਰੋਫੈਸਰ ਪੱਤਰ ਵਿਹਾਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪ੍ਰਿੰਸੀਪਲ ਪਰਮਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿਚ ਤਰੱਕੀ ਕਰਨ ਲਈ ਮਾਤ-ਭਾਸ਼ਾ ਦੀ ਮਹੱਤਤਾ ਬਾਰੇ ਦੱਸਿਆ। ਸੁਸ਼ੀਲ ਦੁਸਾਂਝ ਨੇ ਕੌਮਾਂਤਰੀ ਮਾਤ-ਭਾਸ਼ਾ ਦਿਵਸ ਦੇ ਇਤਿਹਾਸਕ ਮਹੱਤਵ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸ਼ਾਇਰ ਜਸਵਿੰਦਰ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਸਵਿੰਦਰ ਨੇ ਵਿਦਿਆਰਥੀਆਂ ਨਾਲ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕੋਈ ਵਿਦਿਆਰਥੀ ਤਾਂ ਹੀ ਆਪਣਾ ਮੁਕਾਮ ਹਾਸਲ ਕਰ ਸਕਦਾ ਹੈ ਜੇਕਰ ਉਸ ਨੂੰ ਆਪਣੀ ਮਾਤ-ਭਾਸ਼ਾ ਦਾ ਗਿਆਨ ਹੋਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਸਾਹਿਤ ਅਤੇ ਕਿਤਾਬਾਂ ਨਾਲ ਸਾਂਝ ਪਾਉਣ ਲਈ ਪ੍ਰੇਰਿਆ। ਇਸ ਦੌਰਾਨ ਉਨ੍ਹਾਂ ਨੇ ਆਪਣੀਆਂ ਕੁਝ ਗਜ਼ਲਾਂ ਵੀ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ। ਹਰਦਮ ਮਾਨ ਨੇ ਆਪਣੀਆਂ ਗਜ਼ਲਾਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਰਾਜਵੰਤ ਰਾਜ ਨੇ ਆਪਣੀ ਲਿਖਣ ਵਿਧਾ ਬਾਰੇ ਦੱਸਦਿਆਂ ਕਿਹਾ ਕਿ ਹਰ ਵਿਦਿਆਰਥੀ ਲੇਖਕ ਬਣ ਸਕਦਾ ਹੈ ਜੇਕਰ ਉਹ ਕਿਤਾਬਾਂ ਨਾਲ ਆਪਣੀ ਸਾਂਝ ਬਣਾਈ ਰੱਖੇ। ਉਨ੍ਹਾਂ ਆਪਣੀਆਂ ਕੁਝ ਗਜ਼ਲਾਂ ਵੀ ਪੇਸ਼ ਕੀਤੀਆਂ। ਗਿਆਨ ਸਿੰਘ ਕੰਗ ਨੇ ਦੱਸਿਆ ਕਿ ਉਹ ਵਿਸ਼ਵ ਪੰਜਾਬੀ ਕਾਨਫਰੰਸਾਂ ਰਾਹੀਂ ਦੁਨੀਆਂ ਦੇ ਪੰਜਾਬੀ ਪ੍ਰੇਮੀਆਂ ਅਤੇ ਸਾਹਿਤਕਾਰਾਂ ਨੂੰ ਇਕ ਮੰਚ ਪ੍ਰਦਾਨ ਕਰਦੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਹਿਤ ਉਹ ਹਮੇਸ਼ਾ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਉਨ੍ਹਾਂ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ ਤੇ ਪੰਜਾਬੀ ਲੋਕਾਂ ਤੋਂ ਲੁੱਟ ਖਸੁੱਟ ਕਰਨ ਵਾਲੇ ਅਨਸਰਾਂ ਤੋਂ ਸੁਚੇਤ ਹੋਣ ਦੀ ਵੀ ਅਪੀਲ ਕੀਤੀ। ਦਰਸ਼ਨ ਬੁੱਟਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਅਤੇ ਪੰਜਾਬੀ ਮਾਤ-ਭਾਸ਼ਾ ਨੂੰ ਪੰਜਾਬ ਦੇ ਸਾਰੇ ਦਫ਼ਤਰਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਅਪੀਲ ਕੀਤੀ। ਪ੍ਰੋ. ਮਾਨ ਸਿੰਘ ਢੀਂਡਸਾ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਗੱਲ ਕਰਦਿਆਂ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਤੇ ਜ਼ੋਰ ਦਿੱਤਾ। ਇਸ ਮੌਕੇ ਸ਼ਾਇਰ ਜਸਵਿੰਦਰ, ਹਰਦਮ ਮਾਨ, ਰਾਜਵੰਤ ਰਾਜ ਅਤੇ ਗਿਆਨ ਸਿੰਘ ਕੰਗ ਨੂੰ ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸ਼ਾਇਰ ਜਸਵਿੰਦਰ ਦੀ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਪੁਸਤਕ 'ਅਗਰਬੱਤੀ' ਅਤੇ ਅਮਰੀਕਾ ਵਸਦੇ ਸ਼ਾਇਰ ਕੁਲਵਿੰਦਰ ਦੀ ਸ਼ਾਹਮੁਖੀ ਵਿਚ ਛਪੀ ਪੁਸਤਕ 'ਸ਼ਾਮ ਦੀ ਸਾਖ 'ਤੇ' ਰਿਲੀਜ਼ ਕੀਤੀ ਗਈ। ਸਮਾਗਮ ਦੇ ਕਨਵੀਨਰ ਪ੍ਰੋ. ਇੰਦਰਜੀਤ ਸਿੰਘ ਚੀਮਾ ਨੇ ਅੰਤ ਵਿਚ ਸਭਨਾਂ ਮਹਿਮਾਨਾਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਡਾ. ਕੰਵਰ ਜਸਮਿੰਦਰ ਪਾਲ ਸਿੰਘ ਨੇ ਬਾਖੂਬੀ ਕੀਤਾ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਡਾ. ਜਗਮੋਹਨ ਸ਼ਰਮਾ, ਪ੍ਰੋ. ਮੋਹਨ ਤਿਆਗੀ, ਬਲਵਿੰਦਰ ਸੰਧੂ, ਸੁਖਵਿੰਦਰ ਸੁੱਖੀ, ਸੁਰਿੰਦਰਜੀਤ ਚੌਹਾਨ ਸ਼ਾਮਲ ਸਨ।



SUNNYSANGHA • PERSONALREALESTATECORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਰੂਸ ਕਦੇ ਵੀ ਯੂਕਰੇਨ ਵਿਚ ਨਹੀਂ ਜਿੱਤੇਗਾ-ਬਾਈਡਨ

ਵਾਰਸਾ-ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦਾ ਇੱਕ ਸਾਲ ਪੂਰਾ ਹੋ ਗਿਆ ਹੈ। ਪੋਲੈਂਡ 'ਚ ਇਸ ਮੁੱਦੇ 'ਤੇ ਬੋਲਦੇ ਹੋਏ



ਅਮਰੀਕੀ ਰਾਸਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਰੂਸ ਯੂਕਰੇਨ 'ਚ ਕਦੇ ਨਹੀਂ ਜਿੱਤੇਗਾ। ਅਮਰੀਕੀ ਰਾਸਟਰਪਤੀ ਨੇ ਵੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਪੱਛਮੀ ਦੇਸ਼ਾਂ ਖਿਲਾਫ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਦੇਸ਼ ਰੂਸ 'ਤੇ ਹਮਲੇ ਦੀ ਸਾਜਿਸ਼ ਨਹੀਂ ਰਚ ਰਹੇ ਹਨ। ਉਨ੍ਹਾਂ ਕਿਹਾ ਕਿ ਲੱਖਾਂ ਰੂਸੀ ਨਾਗਰਿਕ ਆਪਣੇ ਗੁਆਂਢੀਆਂ ਨਾਲ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਨ, ਉਹ ਦੁਸ਼ਮਣ ਨਹੀਂ ਹਨ। ਵਾਰਸਾ ਦੇ ਇਤਿਹਾਸਕ ਰਾਇਲ ਕੈਸਲ ਵਿਚ ਪੋਲੈਂਡ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਸਟਰਪਤੀ ਬਾਈਡਨ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰੂਸੀ ਫੌਜ ਨੇ ਜੰਗੀ ਅਪਰਾਧ ਕੀਤੇ ਹਨ। ਰੂਸ ਇਸ ਜੰਗ ਨੂੰ ਕਦੇ ਨਹੀਂ ਜਿੱਤ ਸਕੇਗਾ। ਉਸ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਪਰ ਯੂਕਰੇਨ ਪਿੱਛੇ ਹਟਣ ਵਾਲਾ ਨਹੀਂ ਹੈ। ਉਹ ਅਜੇ ਵੀ ਆਜਾਦ ਹੈ। ਅਮਰੀਕੀ ਰਾਸ਼ਟਰਪਤੀ ਨੇ ਅੱਗੇ ਕਿਹਾ, 'ਰੂਸ ਨੇ ਯੂਕਰੇਨ 'ਤੇ ਇਹ ਸੋਚ ਕੇ ਹਮਲਾ ਕੀਤਾ ਕਿ ਉਹ ਆਸਾਨੀ ਨਾਲ ਜਿੱਤ ਜਾਵੇਗਾ ਅਤੇ ਨਾਟੋ ਟੁੱਟ ਜਾਵੇਗਾ। ਪੁਤਿਨ ਨੇ ਸੋਚਿਆ ਕਿ ਉਹ ਬਹੁਤ ਸ਼ਕਤੀਸ਼ਾਲੀ ਹੈ। ਪਰ ਰੂਸ ਨੇ ਅਮਰੀਕਾ ਦੇ ਠੋਕਵੇਂ ਇਰਾਦਿਆਂ ਨੂੰ ਦੇਖ ਲਿਆ ਹੈ। ਪੁਤਿਨ ਨੇ ਇਹ ਵੀ ਸਮਝ ਲਿਆ ਹੈ ਕਿ ਯੂਕਰੇਨ, ਅਸੀਂ ਅਤੇ ਨਾਟੋ ਹੁਣ ਹੋਰ ਮਜਬੂਤੀ ਨਾਲ ਖੜ੍ਹੇ ਹਾਂ। ਯੂਕਰੇਨ ਜੰਗ ਵਿਚ ਬਹੁਤ ਬਹਾਦਰੀ ਅਤੇ ਮਜਬੂਤੀ ਨਾਲ ਖੜ੍ਹਾ ਹੈ। ਨਾਟੋ ਪਹਿਲਾਂ ਨਾਲੋਂ ਜ਼ਿਆਦਾ ਮਜਬੂਤ ਹੈ।

# ਅਮਰੀਕਾ ਯੂਕਰੇਨ ਨੂੰ ਦੇਵੇਗਾ 10 ਬਿਲੀਅਨ ਡਾਲਰ ਦੀ ਮਦਦ, ਰੂਸ ਖਿਲਾਫ ਜੰਗ 'ਚ ਮਿਲੇਗੀ ਤਾਕਤ

ਵਾਸ਼ਿੰਗਟਨ-ਸੰਯੁਕਤ ਰਾਜ ਦੇ ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਯੁੱਧ ਪ੍ਰਭਾਵਿਤ ਯੂਕਰੇਨ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਯੂਕਰੇਨ ਲਈ 10 ਬਿਲੀਅਨ ਡਾਲਰ ਦੀ ਵਾਧੂ ਆਰਥਿਕ ਸਹਾਇਤਾ ਲਈ ਤਿਆਰ ਹੈ। ਯੇਲੇਨ ਨੇ ਕਿਹਾ ਕਿ ਆਉਣ ਵਾਲੇ ਮਹੀਨਿਆਂ ਵਿੱਚ, ਅਸੀਂ ਯੂਕਰੇਨ ਨੂੰ ਲਗਭਗ 10 ਬਿਲੀਅਨ ਡਾਲਰ ਦੀ ਵਾਧੂ ਆਰਥਿਕ ਸਹਾਇਤਾ ਪ੍ਰਦਾਨ ਕਰਨ ਦੀ ਉਮੀਦ ਕਰਦੇ ਹਾਂ। ਇਸ ਤੋਂ ਇਲਾਵਾ ਜੈਨੇਟ ਯੇਲੇਨ ਨੇ ਵੀ ਵੀਰਵਾਰ ਨੂੰ ਕਿਹਾ ਕਿ ਅਮਰੀਕਾ ਰੂਸ ਦੇ ਖਿਲਾਫ ਪਾਬੰਦੀਆਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ ਅਤੇ ਯੂਕਰੇਨ ਦੇ ਖਿਲਾਫ ਆਪਣੀ ਜੰਗ ਦੀ ਸਖਤ ਨਿੰਦਾ ਅਤੇ ਵਿਸ਼ਵ ਅਰਥਵਿਵਸਥਾ 'ਤੇ ਇਸ ਦੇ ਪ੍ਰਭਾਵ ਨੂੰ ਦੇਖਣਾ ਚਾਹੁੰਦਾ ਹੈ। ਜੀ-20 ਦੀ ਮਹੱਤਵਪੂਰਨ ਬੈਠਕ 'ਚ ਹਿੱਸਾ ਲੈਣ ਪਹੁੰਚੇ ਯੇਲੇਨ ਨੇ ਯੁੱਧ ਪ੍ਰਭਾਵਿਤ ਯੂਕਰੇਨ ਨੂੰ ਵਾਧੂ ਸਹਾਇਤਾ ਦੇਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ, 'ਮੇਰਾ ਮੰਨਣਾ ਹੈ ਕਿ ਚਰਚਾ ਅਜੇ ਵੀ ਚੱਲ ਰਹੀ ਹੈ, ਬੇਸ਼ੱਕ ਅਸੀਂ ਜੰਗ ਦੀ ਸਖ਼ਤ ਨਿੰਦਾ ਦੇਖਣਾ ਚਾਹਾਂਗੇ। ਯੂਕਰੇਨ 'ਤੇ ਇਸਦਾ ਪ੍ਰਭਾਵ ਅਤੇ ਗਲੋਬਲ ਆਰਥਿਕ ਦ੍ਰਿਸ਼ਟੀਕੋਣ ਸਭ ਤੋਂ ਮਹੱਤਵਪੂਰਨ ਕਾਰਕਾਂ ਵਿੱਚੋਂ ਇੱਕ ਹੈ ਜੋ ਵਿਕਾਸ ਨੂੰ ਘਟਾਉਂਦਾ ਹੈ ਅਤੇ ਬਹੁਤ ਮਾੜਾ ਪ੍ਰਭਾਵ ਪੈਦਾ ਕਰਦਾ ਹੈ, ਖਾਸ ਕਰਕੇ ਘੱਟ ਆਮਦਨੀ ਵਾਲੇ ਦੇਸ਼ਾਂ ਲਈ। ਇਸ ਦੇ ਨਾਲ, ਯੇਲੇਨ ਨੇ ਇਹ ਵੀ ਜ਼ੋਰ ਦਿੱਤਾ ਕਿ ਆਈਐਮਐਫ ਯੂਕਰੇਨ ਨੂੰ ਕਰਜ਼ਾ ਦੇਣ ਲਈ ਸਮਝੌਤੇ 'ਤੇ ਗੱਲਬਾਤ ਕਰੇ।



# ਮੈਕਸੀਕੋ ਵਿਚ ਵੱਖ-ਵੱਖ ਦੇਸ਼ਾਂ ਦੇ 45 ਪ੍ਰਵਾਸੀਆਂ ਨੂੰ ਲਿਜਾ ਰਹੀ ਬੱਸ ਹਾਦਸਾਗ੍ਰਸਤ, 17 ਦੀ ਮੌਤ, ਕਈ ਜ਼ਖਮੀ

ਮੈਕਸੀਕੋ-ਸੈਂਟਰਲ ਮੈਕਸੀਕੋ ਵਿੱਚ ਇੱਕ ਵੱਡਾ ਬੱਸ ਹਾਦਸਾ ਵਾਪਰਿਆ। ਜਿੱਥੇ ਵੈਨੇਜ਼ੁਏਲਾ, ਕੋਲੰਬੀਆ ਅਤੇ ਮੱਧ ਅਮਰੀਕਾ ਤੋਂ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ 17 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ, ਪੁਏਬਲਾ ਦੇ ਗ੍ਰਹਿ ਮੰਤਰੀ ਜੂਲੀਓ ਹੁਏਰਟਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਾਦਸਾ ਐਤਵਾਰ (19 ਫਰਵਰੀ) ਦੁਪਹਿਰ ਨੂੰ ਇੱਕ ਹਾਈਵੇਅ 'ਤੇ ਵਾਪਰਿਆ ਜਦੋਂ ਬੱਸ 45 ਯਾਤਰੀਆਂ ਨੂੰ ਲੈ ਕੇ ਉੱਤਰ ਵੱਲ ਜਾ ਰਹੀ ਸੀ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ 'ਚ ਦੱਸਿਆ, "ਹਾਦਸੇ ਦੇ ਸਮੇਂ 17 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 15 ਹੋਰ ਜ਼ਖਮੀ ਯਾਤਰੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿਨ੍ਹਾਂ 'ਚੋਂ ਦੋ ਦੀ ਇਲਾਜ ਦੌਰਾਨ ਮੌਤ ਹੋ ਗਈ। ਪੰਜ ਹੋਰਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।" ਹਾਲਾਂਕਿ ਮੰਤਰੀ ਨੇ ਫੌਰੀ ਤੌਰ 'ਤੇ ਇਹ ਨਹੀਂ ਦੱਸਿਆ ਕਿ ਮਰਨ ਵਾਲਿਆਂ ਅਤੇ ਜ਼ਖਮੀਆਂ ਵਿੱਚੋਂ ਕਿੰਨੇ ਪ੍ਰਵਾਸੀ ਸਨ। ਮੈਕਸੀਕਨ ਮੀਡੀਆ ਨੇ ਦੱਸਿਆ ਕਿ ਇਹ ਹਾਦਸਾ ਬੱਸ ਦੇ ਡਰਾਈਵਰ ਦੇ ਕੰਟਰੋਲ ਗੁਆ ਦੇਣ ਤੋਂ ਬਾਅਦ ਵਾਪਰਿਆ। ਮਿਆਹੁਆਟਲਨ ਦੀਆਂ ਮੈਡੀਕਲ ਸੇਵਾਵਾਂ ਦੁਆਰਾ ਜਾਰੀ ਕੀਤੀਆਂ ਗਈਆਂ ਤਸਵੀਰਾਂ ਵਿੱਚ ਬੱਸ ਦੇ ਕੁਝ ਹਿੱਸੇ ਬੁਰੀ ਤਰ੍ਹਾਂ ਨਾਲ ਨੁਕਸਾਨੇ ਗਏ ਹਨ। ਜਿਸ 'ਚ ਜ਼ਖਮੀ ਯਾਤਰੀ ਇਧਰ-ਉਧਰ ਪਏ ਦਿਖਾਈ ਦੇ ਰਹੇ ਹਨ। ਦੱਸ ਦੇਈਏ ਕਿ ਪਿਛਲੇ ਹਫਤੇ ਵੀ ਪਨਾਮਾ ਵਿੱਚ ਦਰਜਨਾਂ ਪ੍ਰਵਾਸੀਆਂ ਦੀ ਮੌਤ ਹੋ ਗਈ ਸੀ। ਜਦੋਂ ਉਹ ਯਾਤਰਾ ਕਰ ਰਹੇ ਸਨ। ਇਸ ਦੌਰਾਨ ਉਸ ਦੀ ਗੱਡੀ ਟੋਏ ਵਿੱਚ ਡਿੱਗ ਗਈ। ਇਹ ਹਾਦਸਾ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਪ੍ਰਵਾਸੀ ਹਾਦਸੇ ਵਿੱਚ ਸ਼ਾਮਲ ਹੈ।

ਬੀ.ਸੀ. ਵਿੱਚ ਕੋਵਿਡ-19

ਕੁਝ ਅਜਿਹੇ ਲੋਕ ਵੀ ਹਨ, ਜੋ ਕਮਜ਼ੋਰ ਹਨ।
ਬੂਸਟਰ ਲਗਵਾ ਕੇ ਉਹਨਾਂ ਨੂੰ ਗੰਭੀਰ ਬੀਮਾਰੀ ਤੋਂ ਬਚਾਉਣ ਵਿੱਚ ਮਦਦ ਕਰੋ।

ਡਾ. ਟਾਈਟਸ ਵੋਂਗ
ਰੀਜਨਲ ਮੈਡੀਕਲ ਡਾਇਰੈਕਟਰ
ਇਨਫੈਕਸ਼ਨ ਕੰਟਰੋਲ

ਆਪਣੇ ਟੀਕਾਕਰਨ ਨੂੰ ਅੱਪ-ਟੂ-ਡੇਟ ਰੱਖਣਾ ਮਹੱਤਵਪੂਰਨ ਹੈ, ਜਿਸ ਵਿੱਚ ਯੋਗ ਹੋਣ 'ਤੇ ਕੋਵਿਡ-19 ਬੂਸਟਰ ਪ੍ਰਾਪਤ ਕਰਨਾ ਸ਼ਾਮਲ ਹੈ। ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਕਰਨ ਵਿੱਚ ਮਦਦ ਕਰੋ।



ਅੱਜ ਹੀ ਆਪਣਾ ਬੂਸਟਰ ਟੀਕਾ ਬੁੱਕ ਕਰੋ
gov.bc.ca/booster-PUN

BRITISH COLUMBIA

# ਕੈਲਗਰੀ ਤੋਂ ਪ੍ਰਭਲੀਨ ਕੌਰ ਗਰੇਵਾਲ ਦੀ ਕੈਨੇਡੀਅਨ ਜੂਨੀਅਰ ਫੀਲਡ ਹਾਕੀ ਟੀਮ ਲਈ ਚੋਣ

## 8 ਫਰਾਂਸ ਦੇ ਦੌਰੇ ਤੇ ਜਾਵੇਗੀ ਅੰਡਰ-18 ਟੀਮ • ਨੈਸ਼ਨਲ ਟੀਮ ਵਿੱਚ ਆਉਣ ਵਾਲੀ ਅਲਬਰਟਾ ਦੀ ਪਹਿਲੀ ਪੰਜਾਬਣ ਕੁੜੀ

ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ।ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ।ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇੱਰ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ।ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ(ਅੰਡਰ-18) ਵਿੱਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ।ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸਨ ਜਿਸ ਦੇ ਆਧਾਰ ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਂਪ ਲਈ ਹੋ ਗਈ ਤੇ ਹੁਣ ਫਰਵਰੀ ਦੇ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ।2011-12 ਵਿੱਚ ਜਦੋਂ



ਕੈਲਗਰੀ ਵਿੱਚ ਪੰਜਾਬੀ ਕੁੜੀਆਂ ਦੁਆਰਾ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਹਾਕੀ ਖੇਡਣੀ ਸ਼ੁਰੂ ਕੀਤੀ ਸੀ।ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪ੍ਰਭਲੀਨ ਦੇ ਪਿਤਾ ਉਘੇ ਪੱਤਰਕਾਰ ਸੁਖਵੀਰ ਸਿੰਘ ਗਰੇਵਾਲ ਨੇ ਦੱਸਿਆ ਕਿ ਉਹਨਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਹਨਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਏਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ।ਉਹਨਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।ਉਹਨਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਹਨਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ।ਉਹਨਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਹਨਾਂ ਪਹਿਲਕਦਮੀਆਂ ਤੋਂ ਕੈਨੇਡਾ ਵਸਦੇ ਹੋਰ ਪਰਵਾਸੀ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।

# ਅਗਲੇ ਹ਼ਫਤੇ ਭਾਰਤ ਦੀ ਯਾਤਰਾ ਕਰਨਗੇ ਅਮਰੀਕੀ ਵਿਦੇਸ਼ ਮੰਤਰੀ

ਵਾਸ਼ਿੰਗਟਨ-ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਜੀ-20 ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅਗਲੇ ਹਫਤੇ ਭਾਰਤ ਦੀ ਯਾਤਰਾ ਕਰਨਗੇ। ਭਾਰਤ ਨੇ ਪਿਛਲੇ ਸਾਲ 1 ਦਸੰਬਰ ਨੂੰ ਜੀ-20 ਦੀ ਪ੍ਰਧਾਨਗੀ ਸੰਭਾਲੀ ਸੀ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਬਲਿੰਕਨ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਸ਼ਾਮਲ ਹੋਣ ਲਈ 1 ਮਾਰਚ ਨੂੰ ਨਵੀਂ ਦਿੱਲੀ ਦੀ ਯਾਤਰਾ ਕਰਨਗੇ।

# ਅਮਰੀਕਾ ਵਿਚ ਨਫਰਤੀ ਅਪਰਾਧ ਦਾ ਸਭ ਤੋਂ ਵੱਧ ਸ਼ਿਕਾਰ ਹੋਏ ਸਿੱਖ ਤੇ ਯਹੂਦੀ

ਵਾਸ਼ਿੰਗਟਨ-ਅਮਰੀਕਾ ਵਿੱਚ 2021 ਵਿੱਚ ਦੋ ਧਾਰਮਿਕ ਸਮੂਹ ਸਿੱਖਾਂ ਅਤੇ ਯਹੂਦੀਆਂ 'ਤੇ ਸਭ ਤੋਂ ਵੱਧ ਨਫਰਤੀ ਹਮਲੇ ਹੋਏ ਹਨ। ਇਹ ਖੁਲਾਸਾ ਸੰਘੀ ਜਾਂਚ ਬਿਊਰੋ ਵੱਲੋਂ ਮੁਲਕ ਵਿੱਚ ਹੋਈਆਂ ਘਟਨਾਵਾਂ ਦੇ ਆਧਾਰ 'ਤੇ ਜਾਰੀ ਕੀਤੀ ਗਈ ਸਾਲਾਨਾ ਰਿਪੋਰਟ ਵਿੱਚ ਹੋਇਆ ਹੈ। ਐਫਬੀਆਈ ਮੁਤਾਬਕ ਸੰਨ 2021 ਵਿੱਚ ਧਰਮ ਨਾਲ ਸਬੰਧਿਤ ਨਫਰਤੀ ਅਪਰਾਧਾਂ ਦੇ ਕੁੱਲ 1005 ਮਾਮਲੇ ਸਾਹਮਣੇ ਆਏ ਹਨ। ਯਹੂਦੀਆਂ ਵਿਰੁੱਧ 31.9 ਫੀਸਦੀ ਅਤੇ ਸਿੱਖਾਂ ਵਿਰੁੱਧ 21.3 ਫੀਸਦੀ ਮਾਮਲੇ ਨਫਰਤ 'ਤੇ ਆਧਾਰਿਤ ਸਾਹਮਣੇ ਆਏ ਹਨ। ਇੰਜ ਹੀ ਮੁਸਲਿਮਾਂ ਵਿਰੁੱਧ 9.5 ਫੀਸਦੀ, ਕੈਥੋਲਿਕਾਂ ਵਿਰੁੱਧ 6.1 ਫੀਸਦੀ ਅਤੇ ਪੂਰਬੀ ਆਰਥੋਡੋਕਸ (ਰੂਸੀ ਗ੍ਰੀਕ ਤੇ ਹੋਰ) ਖ਼ਿਲਾਫ਼ 6.5 ਫੀਸਦ ਹਮਲੇ ਹੋਏ। ਇਸ ਦੇ ਨਾਲ ਕਾਲੇ ਜਾਂ ਅਫਰੀਕੀ-ਅਮਰੀਕੀਆਂ ਨੂੰ ਵੀ ਵੱਡੇ ਪੱਧਰ 'ਤੇ ਨਿਸ਼ਾਨਾ ਬਣਾਇਆ ਗਿਆ।

# ਯੂਕਰੇਨ ਜੰਗ ਦੌਰਾਨ ਰੂਸ ਗਏ ਭਾਰਤੀ ਵਿਦਿਆਰਥੀਆਂ ਦਾ ਭਰਵਾਂ ਸਵਾਗਤ

## ਰੂਸ ਵੱਲੋਂ ਮਿਲੇ ਸਹਿਯੋਗ ਕਾਰਨ ਐੱਮਬੀਬੀਐੱਸ ਦੀ ਪੜ੍ਹਾਈ ਮੁਕੰਮਲ ਕਰਨ ਲਈ ਰਾਹ ਹੋਇਆ ਪੱਧਰਾ

ਨਵੀਂ ਦਿੱਲੀ-ਯੂਕਰੇਨ ਵਿੱਚ ਬਣੇ ਜੰਗ ਵਰਗੇ ਹਾਲਾਤ ਕਾਰਨ ਇਕ ਸਾਲ ਪਹਿਲਾਂ ਵੱਡੀ ਗਿਣਤੀ ਵਿਦਿਆਰਥੀ ਐੱਮਬੀਬੀਐੱਸ ਦੀ ਪੜ੍ਹਾਈ ਮੁਕੰਮਲ ਕਰਨ ਲਈ ਰੂਸ ਚਲੇ ਗਏ ਸਨ। ਕਾਬਿਲੇਗੌਰ ਹੈ ਕਿ ਰੂਸ ਵੱਲੋਂ ਹੀ ਯੂਕਰੇਨ ਵਿੱਚ ਜੰਗ ਵਰਗੇ ਹਾਲਾਤ ਪੈਦਾ ਕੀਤੇ ਗਏ ਹਨ। ਇਨ੍ਹਾਂ ਪਾੜ੍ਹਿਆਂ ਵਿੱਚ ਸ਼ਾਮਲ ਭਾਰਤੀ ਵਿਦਿਆਰਥਣ ਜਿਸਨਾ ਜੀਜੀ (25) ਨੇ ਕਿਹਾ ਕਿ ਰੂਸ ਵਿੱਚ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਕੋਈ ਵਾਧੂ ਚਾਰਜ ਵੀ ਨਹੀਂ ਵਸੂਲਿਆ ਗਿਆ। ਉਸ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਰੂਸ ਵਿੱਚ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਤੇ ਉਨ੍ਹਾਂ ਦੀ ਮਿਹਨਤ ਵੀ ਅਜਾਈਂ ਨਹੀਂ ਗਈ। ਕੇਰਲਾ ਦੀ ਵਸਨੀਕ ਜਿਸਨਾ ਜੀਜੀ ਮੌਜੂਦਾ ਸਮੇਂ ਰੂਸ ਦੇ ਅਰਖਾਨਗੇਲਸਕ ਸਥਿਤ ਨਾਰਦਰਨ ਸਟੇਟ ਮੈਡੀਕਲ ਯੂਨੀਵਰਸਿਟੀ ਵਿੱਚ ਐੱਮਬੀਬੀਐੱਸ ਦੀ ਪੜ੍ਹਾਈ ਕਰ ਰਹੀ ਹੈ। ਇਕ ਸਾਲ ਪਹਿਲਾਂ ਉਹ ਯੂਕਰੇਨ ਦੇ ਸੁਮੀ ਸ਼ਹਿਰ ਦੀ ਇਕ ਯੂਨੀਵਰਸਿਟੀ ਵਿੱਚ ਐੱਮਬੀਬੀਐੱਸ ਦੀ ਵਿਦਿਆਰਥਣ ਸੀ ਤੇ ਉਸ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਸਾਲ 2022 ਵਿੱਚ ਰੂਸ ਵੱਲੋਂ ਯੂਕਰੇਨ 'ਤੇ ਹਮਲਾ ਕਰ ਦਿੱਤਾ ਜਾਵੇਗਾ। ਇਸ ਹਮਲੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਹੋਰਨਾਂ ਵਿਦਿਆਰਥੀਆਂ ਵਾਂਗ ਜਿਸਨਾ ਜੀਜੀ ਵੀ ਜੰਗ ਦੇ ਹਾਲਾਤ ਤੋਂ ਬਚਣ ਲਈ ਯੂਕਰੇਨ ਦੀ ਪੱਛਮੀ ਸਰਹੱਦ 'ਤੇ ਪਹੁੰਚ ਗਈ ਸੀ। ਇਸ ਮਗਰੋਂ ਭਾਰਤ ਸਰਕਾਰ ਵੱਲੋਂ ਚਲਾਏ ਗਏ 'ਅਪਰੇਸ਼ਨ ਗੰਗਾ' ਦੌਰਾਨ 17 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਲਿਆਂਦਾ ਗਿਆ ਸੀ ਜਿਸ ਵਿੱਚ ਜਿਸਨਾ ਜੀਜੀ ਵੀ ਸ਼ਾਮਲ ਸੀ। ਇਸ ਮਗਰੋਂ ਵਿਦਿਆਰਥੀਆਂ ਨੇ ਐੱਮਬੀਬੀਐੱਸ ਦੀ ਪੜ੍ਹਾਈ ਜਾਰੀ ਰੱਖਣ ਲਈ ਰੂਸ, ਸਰਬੀਆ,ਉਜ਼ਬੇਕਿਸਤਾਨ ਤੇ ਹੋਰਨਾਂ ਯੋਰਪੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵੱਲ ਰੁਖ਼ ਕੀਤਾ। ਰੂਸ ਤੋਂ ਪੀਟੀਆਈ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਜਿਸਨਾ ਜੀਜੀ ਨੇ ਕਿਹਾ ਕਿ ਭਾਰਤ ਪਹੁੰਚਣ ਮਗਰੋਂ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਜਲਦੀ ਹੀ ਜੰਗ ਖ਼ਤਮ ਹੋ ਜਾਵੇਗੀ ਤੇ ਉਹ ਯੂਕਰੇਨ ਪਰਤ ਜਾਣਗੇ ਪਰ ਅਜਿਹਾ ਨਹੀਂ ਹੋਇਆ। ਇਸ ਮਗਰੋਂ ਅਕਾਦਮਿਕ ਮੋਬੀਲਿਟੀ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੇ ਹੋਰਨਾਂ ਯੂਨੀਵਰਸਿਟੀਆਂ ਵਿੱਚ ਆਪਣੇ ਤਬਾਦਲੇ ਕਰਵਾਏ। ਜ਼ਿਕਰਯੋਗ ਹੈ ਕਿ ਜੁਲਾਈ ਮਹੀਨੇ ਵਿੱਚ ਜਿਸਨਾ ਜੀਜੀ ਦੀ ਐੱਮਬੀਬੀਐੱਸ ਦੀ ਪੜ੍ਹਾਈ ਮੁਕੰਮਲ ਹੋ ਜਾਵੇਗੀ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1 98 SF
Berber Installed
Textured Saxony Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1793 ਸੋਭਾ ਸਿੰਘ ਕਨ੍ਹਈਆਂ ਦਿਨ ਦੂਜੇ, ਲੈ ਜਥਾ ਕਿਲ੍ਹੇ ਵਿਚ ਆ ਬੈਠਾ।
ਤੀਜਾ ਹਿਸਾ ਮੇਰਾ ਵੀ ਬਣਦਾ ਏ, ਉਹ ਆਣ ਕੇ ਰੱਟਾ ਪਾ ਬੈਠਾ।
ਤਿੰਨ ਹਿੱਸੇ ਲਾਹੌਰ ਦੇ ਕਰ ਲਏ, ਕਾਬਲੀ ਮੱਲ ਜੰਮੂ ਸੀ ਜਾ ਬੈਠਾ।
ਚੜ੍ਹਤ ਸਿੰਘ ਨੂੰ ਬਸ ਇਕ ਤੋਪ ਦਿੱਤੀ, ਉਹ ਆਪਣਾ ਮਨ ਸਮਝਾ ਬੈਠਾ॥

### ਆਲਾ ਸਿੰਘ ਨੇ ਅਹਿਮਦ ਸ਼ਾਹ ਤੋਂ ਸਰਹਿਂਦ ਦੀ ਸੂਬੇਦਾਰੀ ਪ੍ਰਵਾਨ ਕਰਕੇ ਕੌਮੀ ਅਪਮਾਨ ਕੀਤਾ

1794 ਦਲ ਖਾਲਸਾ ਦਾ ਹਰੀ ਸਿੰਘ ਭੰਗੀ, ਆਲਾ ਸਿੰਘ ਨੂੰ ਸਬਕ ਸਿਖਾਉਣ ਆਇਆ।
ਨਾਮ ਪੰਥ ਦਾ ਦਾਗੀ ਉਸ ਕੀਤਾ, ਨਾਮ ਉਸਦਾ ਉਹ ਮਿਟਾਉਣ ਆਇਆ।
ਇਸ ਬਦਲੇ ਪਟਿਆਲਾ ਮਾਰਨੇ ਨੂੰ, ਕੱਠਾ ਜੰਗੀ ਕਰ ਸਾਮਾਨ ਆਇਆ।
ਲੰਗ ਲਾਗੇ ਲੜਦਾ ਫੌਤ ਹੋਇਆ, ਹਰਚੰਦ ਸਿੰਘਾ ਜੋ ਜ਼ੋਰ ਅਜ਼ਮਾਉਣ ਆਇਆ॥

### ਅਬਦਾਲੀ ਦਾ 8 ਵਾਂ ਹਮਲਾ ਨਵੰਬਰ 1766 ਈ:

1795 ਅੱਠਵੀਂ ਵਾਰ ਅਬਦਾਲੀ ਜਦ ਆਇਆ, ਰੁਹਤਾਸ ਦੇ ਕੋਲ ਸੀ ਭੇੜ ਹੋਏ।
ਦੋਵੇਂ ਪਾਸੇ ਜੰਮ ਕੇ ਲੜਨ ਲੱਗੇ, ਉਥੇ ਲੋਥਾਂ ਦੇ ਉੱਚੇ ਢੇਰ ਹੋਏ।
ਮੈਨੂੰ ਅੱਗੋਂ ਆ ਕੇ ਘੇਰਦੇ ਨੇ, ਇਹ ਸਿੰਘ ਨੇ ਬੜੇ ਦਲੇਰ ਹੋਏ।
ਅਬਦਾਲੀ ਵਿੱਚ ਲਾਹੌਰ ਦੇ ਆਣ ਬੈਠਾ, ਸਿੰਘ ਪਾਸੇ ਸੀ ਘੋੜੇ ਛੇੜ ਹੋਏ॥

### ਲਾਹੌਰ ਦੇ ਮੁਖੀਆਂ ਦੀ ਅਹਿਮਦ ਸ਼ਾਹ ਨੂੰ ਬੇਨਤੀ

1796 ਮੁਖੀ ਲੋਕ ਲਾਹੌਰ ਦੇ ਹੋ ਕੱਠੇ, ਅਹਿਮਦ ਸ਼ਾਹ ਨੂੰ ਅਰਜ਼ ਗੁਜ਼ਾਰਦੇ ਨੇ।
ਕਦੇ ਆਪ ਲਾਹੌਰ ਆ ਮਾਰਦੇ ਹੋ, ਕਦੇ ਸਿੰਘ ਆ ਇਸ ਨੂੰ ਮਾਰਦੇ ਨੇ।
ਤੁਸੀਂ ਥਾਪਕੇ ਜਾਂਦੇ ਜੋ ਹਾਕਮਾਂ ਨੂੰ, ਸਿੰਘ ਉਨ੍ਹਾਂ ਨੂੰ ਹੇਠ ਉਤਾਰਦੇ ਨੇ।
ਹਰਚੰਦ ਸਿੰਘਾ ਡਾਢੇ ਤੰਗ ਅਸੀਂ, ਮੰਦੇ ਹਾਲ ਲਹੌਰ ਬਜ਼ਾਰ ਦੇ ਨੇ॥
1797 ਲਹਿਣਾ ਸਿੰਘ ਸਰਦਾਰ ਹੈ ਨੇਕ ਬੰਦਾ, ਕਰੇ ਸਭ ਨੂੰ ਬੜਾ ਪਿਆਰ ਮੀਆਂ।
ਸਿੱਖਾਂ-ਹਿੰਦੂਆਂ ਵਾਂਗ ਹੀ ਮੁਸਮਲਾਨਾਂ, ਦੇਵੇ ਰੱਜ ਕੇ ਉਹ ਸਤਿਕਾਰ ਮੀਆਂ।
ਈਦ ਆਏ ਤਾਂ ਦੇਗਾਂ ਕਰਾਵਦਾਂ ਏ, ਉੱਚਾ ਉਸਦਾ ਚਲਣ-ਕਿਰਦਾਰ ਮੀਆਂ।
ਹਰਚੰਦ ਸਿੰਘਾ ਵਸੇ ਲਾਹੌਰ ਸੁਖੀ, ਮੁਖੀ ਹੋਏ ਜੇ ਇਹ ਸਰਦਾਰ ਮੀਆਂ॥
1798 ਅਹਿਮਦ ਸ਼ਾਹ ਨੇ ਰਹਿਮਤੁਲਾ ਬੇਗ ਤਾਈਂ, ਲਹਿਣਾ ਸਿੰਘ ਦੇ ਭੇਜਿਆ ਕੋਲ ਬੇਲੀ।
ਸੂਬੇਦਾਰੀ ਤੇ ਮੇਵੇ ਕਾਬਲੀ ਇਹ, ਪਾਉਣੇ ਚਾਹੁੰਦਾ ਮੈਂ ਤੇਰੀ ਝੋਲ ਬੇਲੀ।
ਲੜ-ਮਰ ਕੇ ਕੁੱਝ ਨਹੀਂ ਹੱਥ ਆਇਆ, ਬੜਾ ਵੇਖਿਆ ਕਰਕੇ ਘੋਲ ਬੇਲੀ।
ਹਰਚੰਦ ਸਿੰਘਾ ਤੇਰੀ ਸਭ ਸਿਫ਼ਤ ਕਰਦੇ, ਤੂੰ ਤੇ ਹੀਰਾ ਇੱਕ ਅਨਮੋਲ ਬੇਲੀ॥

### ਸ: ਲਹਿਣਾ ਸਿੰਘ ਦਾ ਅਬਦਾਲੀ ਨੂੰ ਉੱਤਰ

1799 ਤੇਰੇ ਮੇਵੇ ਲਾਹੌਰ ਦੀ ਹਾਕਮੀ ਇਹ, ਦੋਵੇਂ ਮੈਨੂੰ ਨਹੀਂ ਮਨਜ਼ੂਰ ਮੀਆਂ।
ਆਲਾ ਸਿੰਘ ਨਾ ਮੈਨੂੰ ਸਮਝ ਸ਼ਾਹਾ, ਰਹਾਂ ਮੈਂ ਗੁਲਾਮੀ ਤੋਂ ਦੂਰ ਮੀਆਂ।
ਮੇਲ ਜੋਲ ਦੀ ਗੱਲ ਜੋ ਕਰਨ ਲੱਗਾ, ਹੁਣ ਹੋ ਕੇ ਅੱਤ ਮਜ਼ਬੂਰ ਮੀਆਂ।
ਸਮਾਂ ਆ ਗਿਆ ਹੁਣ ਹਰਚੰਦ ਸਿੰਘਾ, ਤੇਰਾ ਕੱਢਣਾ ਅਸੀਂ ਗਰੂਰ ਮੀਆਂ॥
1800 ਮੇਵੇ ਕਾਬਲੀ ਅਤੇ ਨਵਾਬੀਆਂ ਇਹ, ਰੱਖ ਆਪਣੇ ਸਾਂਭ ਕੇ ਕੋਲ ਸ਼ਾਹਾ।
ਤੈਨੂੰ ਖਾੜੇ ਵਿੱਚ ਹੈ ਚਿੱਤ ਕਰਨਾ, ਨਹੀਂ ਮੁੱਕਿਆ ਅਜੇ ਇਹ ਘੋਲ ਸ਼ਾਹਾ।
ਸੀਮਤ ਸਮਾਂ ਰਹਿ ਗਿਆ ਕੋਲ ਤੇਰੇ, ਹੋਣਾ ਬਿਸਤਰਾ ਛੇਤੀ ਹੀ ਗੋਲ ਸ਼ਾਹਾ।
ਹਰਚੰਦ ਸਿੰਘਾ ਨਹੀਂ ਮਨਜ਼ੂਰ ਮੈਨੂੰ, ਕੋਈ ਹੋਰ ਪਿਆਦਾ ਟੋਲ੍ਹ ਸ਼ਾਹਾ॥
1801 ਇੱਟ ਵੱਜੀ ਹਰਿਮੰਦਰ ਦੀ ਨੱਕ ਤੇਰੇ, ਮੁੜ ਠੀਕ ਨਹੀਂ ਹੋਇਆ ਨਸੂਰ ਤੇਰਾ।
ਮੀਆਂ ਮੀਰ ਦੀ ਰੱਖੀ ਤੈਂ ਇੱਟ ਪੱਟੀ, ਬਖ਼ਸ਼ਣ ਯੋਗ ਨਹੀਂ ਇਹ ਕਸੂਰ ਤੇਰਾ।
ਅੱਲਾ, ਵਾਹਿਗੁਰੂ, ਰਾਮ, ਰਹੀਮ ਇੱਕੋ, ਇਨ੍ਹਾਂ ਤੋੜਨਾ ਅੰਤ ਗਰੂਰ ਤੇਰਾ।
ਹਰਚੰਦ ਸਿੰਘਾ ਬਹਾਇਆ ਖ਼ੂਨ ਜੋ ਤੂੰ, ਉਸ ਡੋਬਣਾ ਅੰਤ ਨੂੰ ਪੂਰ ਤੇਰਾ॥
1802 ਸਿੱਖ ਰਾਜ ਨਿਸ਼ਾਨਾ ਖਾਲਸੇ ਦਾ, ਦੇਸ਼ ਅਸੀਂ ਆਜ਼ਾਦ ਕਰਾਵਣਾ ਏ।
ਦਰਾ ਖੈਬਰ ਨੇ ਸਾਨੂੰ ਦੁਖੀ ਕੀਤਾ, ਨਾਕਾ ਇਸ ਨੂੰ ਇਕ ਦਿਨ ਲਾਵਣਾ ਏ।
ਲੁੱਟ ਹਿੰਦ ਦੀ ਅਸਾਂ ਨਹੀਂ ਹੋਣ ਦੇਣੀ, ਦੇਸ਼ ਆਪਣਾ ਅਸਾਂ ਬਚਾਵਣਾ ਏ।
ਝੂਠ ਜਾਣੀ ਨਾ ਰੱਤੀ ਹਰਚੰਦ ਸਿੰਘਾ, ਇਹ ਛੇਤੀ ਹੀ ਕਰ ਵਿਖਾਵਣਾ ਏ॥

### ਸੱਚੀਆਂ ਸੁਣ ਕੇ ਅਬਦਾਲੀ ਨੇ ਅੰਮ੍ਰਿਤਸਰ ਤੇ ਹਮਲਾ ਕਰਨਾ

1803 ਜਹਾਨ ਖਾਂ ਨੂੰ ਦੇ ਕੇ ਹੁਕਮ ਫੌਗੀ, ਅੰਮ੍ਰਿਤਸਰ ਦੇ ਵਲ ਨੂੰ ਤੋਰਿਆ ਏ।
ਦਲ ਖਾਲਸਾ ਖੜ੍ਹਾ ਸੀ ਰਾਹ ਰੋਕੀ, ਉਨ੍ਹਾਂ ਉਸਨੂੰ ਅੱਗੋਂ ਹੋੜਿਆ ਏ।
ਮੂੰਹ ਖੋਲ੍ਹੇ ਤੋਪਾਂ ਰਫਲਾਂ ਦੇ, ਸਭ ਹੌਸਲਾ ਉਸਦਾ ਤੋੜਿਆ ਏ।
ਹਰਚੰਦ ਸਿੰਘਾ ਵਿਖਾਏ ਹੱਥ ਐਸੇ, ਮੂੰਹ ਉਸ ਲਾਹੌਰ ਵਲ ਮੋੜਿਆ ਏ॥
1804 ਮਾਰ ਖਾ ਸਰਹਿੰਦ ਦੇ ਰਾਹ ਪਿਆ, ਬੁੱਢਾ ਅਬਦਾਲੀ ਮੂੰਹ ਲਮਕਾ ਕੇ ਜੀ।
ਲਹਿਣਾ ਸਿੰਘ ਨੇ ਜੋ ਠੁਕਰਾ ਦਿੱਤਾ, ਇਨਾਮ ਦਿੱਤਾ ਪਟਿਆਲੇ ਜਾ ਕੇ ਜੀ।
'ਰਾਜਾ ਏ ਰਾਜਗਾਨ' ਦਾ ਅਮਰ ਸਿੰਘ ਨੇ, ਖਿਤਾਬ ਲਿਆ ਸਿਰ ਝੁਕਾ ਕੇ ਜੀ।
ਹਰਚੰਦ ਸਿੰਘਾ ਆਲਾ ਸਿੰਘ ਵਾਂਗੂ, ਜੁੱਤੀ ਝਾੜੀ ਅਬਦਾਲੀ ਦੀ ਲਾਹ ਕੇ ਜੀ॥

### ਜਮਨਾ ਪਾਰ ਨਜੀਬੁਦੌਲਾ ਸਿੰਘਾਂ ਨਾਲ ਜੂਝ ਰਿਹਾ ਸੀ। ਉਸਨੇ ਅਬਦਾਲੀ ਤੋਂ ਮੱਦਦ ਮੰਗੀ

1805 ਨਜੀਬੁਦੌਲਾ ਰਹੇਲਾ ਪਾਰ ਜਮਨਾ, ਬੈਠਾ ਜੰਗ ਸਿੰਘਾਂ ਨਾਲ ਲਾ ਬੇਲੀ।
ਸਿੰਘਾ ਮੇਰਾ ਜੀਣਾ ਹਰਾਮ ਕੀਤਾ, ਮੱਦਦ ਕਰ ਤੂੰ ਮੇਰੀ ਆ ਬੇਲੀ।
ਅਮਰਵੇਲ ਦੇ ਵਾਂਗ ਇਹ ਚੜ੍ਹੇ ਮੈਨੂੰ, ਗਲੋਂ ਮੇਰਿਓਂ ਇਨ੍ਹਾਂ ਨੂੰ ਲਾਹ ਬੇਲੀ।
ਅਹਿਸਾਨ ਭੁੱਲਾਂ ਨਾ ਤੇਰਾ ਹਰਚੰਦ ਸਿੰਘਾ, ਇਨ੍ਹਾਂ ਕਾਫ਼ਰਾਂ ਕੋਲੋਂ ਬਚਾਅ ਬੇਲੀ॥
1806 ਅੱਗੇ ਫੌਜ ਸੀ ਨਜੀਬੁਦੌਲਾ ਦੀ, ਅਤੇ ਪਿੱਛੋਂ ਦੀ ਖਾਨ ਜਹਾਨ ਹੋਇਆ।
ਸਿੰਘ ਘਿਰੇ ਦੋਵੇਂ ਪਾਸਿਆਂ ਤੋਂ, ਉੱਥੇ ਖ਼ੂਨੀ ਫਿਰ ਘਮਸਾਨ ਹੋਇਆ।
ਪਿੱਠ ਨੰਗੀ ਹੋ ਗਈ ਖਾਲਸੇ ਦੀ, ਬਹੁਤ ਜਾਨਾਂ ਦਾ ਉੱਥੇ ਨੁਕਸਾਨ ਹੋਇਆ।
ਅੱਠ ਗੱਡੇ ਸਿੰਘਾਂ ਦੇ ਸਿਰ ਲੈ ਕੇ, ਦੁਰਾਨੀ ਵੱਲ ਨੂੰ ਰਵਾਂ ਖਾਂ ਜਮਾਨ ਹੋਇਆ॥
1807 ਪਹਿਲਾਂ ਵਾਂਗ ਵੀ ਖੱਜਲ ਖੁਆਰ ਕਰਕੇ, ਦੁਰਾਨੀ ਸਿੰਘਾਂ ਦੇਸ਼ ਤੋਂ ਬਾਰ੍ਹ ਕੀਤਾ।
ਸਿੰਘਾਂ ਮੁੜ ਕੇ ਥਾਵਾਂ ਮੱਲ ਲਈਆਂ, ਇਲਾਕਾ ਆਪਣਾ ਬਰ-ਕਰਾਰ ਕੀਤਾ।
68 ਅਤੇ 69 ਨੂੰ ਫਿਰ ਆਇਆ, ਝਨਾਂ ਜੇਹਲਮ ਨਾ ਦੁਰਾਨੀ ਨੇ ਪਾਰ ਕੀਤਾ।
ਚੜ੍ਹਤ ਸਿੰਘ ਸੀ ਖੜ੍ਹਾ ਦੀਵਾਰ ਬਣਿਆ, ਜੋ ਆਇਆ ਮੂੰਹ ਦੀ ਭਾਰ ਕੀਤਾ॥

### ਤਰੁਣਾ ਦਲ ਨੇ ਅਟਕ ਵੱਲ ਰੁਖ ਕੀਤਾ ਅਤੇ ਬੁੱਢਾ ਦਲ ਜਮਨਾ ਪਾਰ ਨਜੀਬੁਦੌਲਾ ਨੂੰ ਸੋਧਣ ਗਿਆ

1808 ਨਜੀਬੁਦੌਲਾ ਦਾ ਕੰਡਾ ਕੱਢਣੇ ਨੂੰ, ਜਮਨੋ ਪਾਰ ਜਾ ਫੇਰ ਲਲਕਾਰਿਆ ਏ।
ਅਖੀਰ ਉਸ ਨੇ ਰੱਖ ਹਥਿਆਰ ਦਿੱਤੇ, ਉਹ ਵਿੱਚ ਮੈਦਾਨ ਦੇ ਹਾਰਿਆ ਏ।
ਉਸਦੇ ਪੁੱਤਰ ਜਾਬਤਾ ਖਾਂ ਆ ਕੇ, ਖਿਰਾਜ ਦੇ ਕੇ ਕਰਜ਼ ਉਤਾਰਿਆ ਏ।
ਹਰਚੰਦ ਸਿੰਘਾ ਦਿੱਲੀ ਦੇ ਦਿਲ ਤਾਈਂ, ਭਲਵਾਨੀ ਗੇੜਾ ਸਿੰਘਾਂ ਨੇ ਮਾਰਿਆ ਏ।

### ਨਜੀਬੁਦੌਲਾ 1770 ਈ: ਅਤੇ ਅਹਿਮਦਸ਼ਾਹ ਅਬਦਾਲੀ ਨੱਕ ਦੇ ਨਸੂਰ ਨਾਲ 16 ਅਕਤੂਬਰ 1772 ਨੂੰ ਕਾਲ ਵਸ ਹੋ ਗਏ। ਸਰਦਾਰ ਆਪੋ ਆਪਣੇ ਇਲਾਕੇ ਹੋਰ ਵੱਡੇ ਕਰਨ ਲੱਗ ਪਏ

1809 ਤੁਖ਼ਮ ਸਿੰਘਾਂ ਦਾ ਤੁਰੇ ਮੁਕਾਉਣ ਜਿਹੜੇ, ਉਹ ਅੰਤ ਸਪੁਰਦੇ ਖਾਕ ਹੋਏ।
ਸੱਚ ਰਹਿਣਾ ਝੂਠ ਨੇ ਖਤਮ ਹੋਣਾ, ਕਹੇ ਗੁਰਾਂ ਦੇ ਸੱਚੇ ਵਾਕ ਹੋਏ।
ਪੈਰਾਂ ਵਿਚ ਜੋ ਰੋਲਦੇ ਹਿੰਦੂਆਂ ਨੂੰ, ਹਿੰਦ ਵੱਲ ਨਾ ਉਨ੍ਹਾਂ ਤੋਂ ਝਾਕ ਹੋਏ।
ਹਰਚੰਦ ਸਿੰਘਾ ਸਿਦਕ ਦੀ ਪੈ ਭੱਠੀ, ਸਿੰਘ ਕੋਲੋ ਸੋਨੇ ਵਾਂਗ ਸੀ ਪਾਕ ਹੋਏ॥

### ਨਜੀਬੁਦੌਲਾ ਦਾ ਪੁੱਤਰ ਜਾਬਤਾ ਖਾਂ ਅਤੇ ਪੋਤਰਾ ਗੁਲਾਮ ਕਾਦਰ 1777 ਈ: ਨੂੰ ਸਿੰਘ ਸਜ ਗਏ ਅਤੇ ਇਹ ਇਲਾਕਾ ਖਾਲਸੇ ਦੀ ਰਾਖੀ ਵਿਚ ਆ ਗਿਆ

1810 ਸਿੰਘ ਆਪਣੀ ਥਾਂ ਵਧਾਉਣ ਲਈ, ਸਤਾਰਾਂ ਵਾਰ ਸੀ ਜਮਨਾ ਪਾਰ ਹੋਏ।
ਰੁਹੇਲੇ ਬੜੇ ਤੰਗ ਪ੍ਰੇਸ਼ਾਨ ਕੀਤੇ, ਉਨ੍ਹਾਂ ਕੋਲੋਂ ਖਰਾਜ ਨਾ 'ਤਾਰ ਹੋਏ।
ਪਿਉ 'ਧਰਮ ਸਿੰਘ' ਤੇ ਪੁੱਤ 'ਕਰਮ ਸਿੰਘ', ਸਿੱਖੀ ਧਾਰਕੇ ਸਿੰਘ ਸਰਦਾਰ ਹੋਏ।
ਹਰਚੰਦ ਸਿੰਘਾ ਮੁਸ਼ਕਲਾਂ ਮੁੱਕ ਗਈਆਂ, ਉਹੋ ਮੁੜ ਨਾ ਫਿਰ ਖੁਆਰ ਹੋਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Arya Bhalla
778-788-2429



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਲੁੱਟ ਦੇ ਮਾਲ ਵਾਂਗ ਵਿਦੇਸ਼ੀਂ ਢੋਈਆਂ ਜਾ ਰਹੀਆਂ ਨੇ ਪੰਜਾਬਣਾਂ

## ਭਰਾ ਦੀ ਲਾੜੀ ਬਣ ਕੇ ਭੈਣ 'ਫੁਰਰ'

ਪੰਜਾਬ ਦੇ ਸ਼ਹਿਰ ਮੋਗਾ ਤੋਂ ਪਤਾ ਲੱਗਿਆ ਹੈ ਕਿ ਉੱਥੇ ਅੱਜ ਵੀ ਔਰਤਾਂ ਦੀ ਨਜਾਇਜ਼ ਵੇਚ-ਵੱਟ ਹੀ ਨਹੀਂ ਹੁੰਦੀ,



ਸਗੋਂ ਉਨ੍ਹਾਂ ਨੂੰ ਲੁੱਟ ਦੇ ਮਾਲ ਵਾਂਗ ਵਿਦੇਸ਼ੀਂ ਵੀ ਢੋਇਆ ਜਾ ਰਿਹਾ ਹੈ। ਇਸ ਸ਼ਹਿਰ ਵਿਚ ਇਹ 'ਕਾਰੋਬਾਰ' ਚਲਾਉਣ ਵਾਲ਼ਿਆਂ ਦਾ ਬਹੁਤ ਲੰਬਾ-ਚੌੜਾ ਤਾਣਾ-ਬਾਣਾ ਹੈ। ਆਪਣੇ ਹੱਡੀਂ ਭੋਗ ਚੁੱਕੀ ਇਕ ਔਰਤ ਨੇ, ਇਸ ਗਿਰੋਹ ਦੇ ਸਬੰਧ ਵਿਚ ਕਈ ਖੁਲਾਸੇ ਕਰਦਿਆਂ ਦੱਸਿਆ ਹੈ ਕਿ ਇਸ ਗਿਰੋਹ ਵਾਲ਼ਿਆਂ ਨੇ ਉਸ ਨੂੰ ਵੀ ਮਸਕਟ ਵਿਚ ਰੁਜ਼ਗਾਰ ਦੁਆਉਣ ਦਾ ਲੋਭ ਦੇ ਕੇ, ਤਿੰਨ ਲੱਖ ਰੁਪਏ 'ਚ ਵੇਚ ਦਿੱਤਾ ਸੀ। ਇਸ ਤੋਂ ਮਗਰੋਂ ਉਸ ਨੇ ਪੰਜਾਬ ਵਿਚ ਇਕ ਗ਼ੈਰਸਰਕਾਰੀ ਸੰਸਥਾ ਚਲਾਉਂਦੇ ਵਿਅਕਤੀਆਂ ਸਿਕੰਦਰ ਢਿੱਲੋਂ ਤੇ ਜਗਦੀਸ਼ ਨਾਲ਼, ਸੋਸ਼ਲ ਮੀਡੀਆ ਰਾਹੀਂ ਰਾਬਤਾ ਕੀਤਾ। ਉਸ ਨੇ ਹੀ, ਇਸ 'ਕਾਰੋਬਾਰ' ਵਿਚ ਮਦਦ ਕਰਦੀ ਤੇ 'ਸ਼ਿਕਾਰ ਉਠਾਲਣ ਵਾਲ਼ੀ' ਇਕ ਔਰਤ ਦੇ ਘਰ, ਉਸ ਗ਼ੈਰਸਰਕਾਰੀ ਸੰਸਥਾ ਦੇ ਕਰਕੁਨਾਂ ਦਾ ਛਾਪਾ ਪੁਆਇਆ ਸੀ।

ਜਦੋਂ ਉਸ ਗ਼ੈਰਸਰਕਾਰੀ ਸੰਸਥਾ ਦੇ ਕਰਕੁਨਾਂ ਵੱਲੋਂ ਇਸ ਗਿਰੋਹ ਲਈ ਕੰਮ ਕਰ ਰਹੀ ਔਰਤ 'ਤੇ ਦਬਾਅ ਪਾਇਆ ਗਿਆ ਤਾਂ ਉਸ ਨੇ ਮਸਕਟ ਵਿਚ ਬੈਠੇ ਆਪਣਾ ਸਾਥੀਆਂ 'ਤੇ ਜ਼ੋਰ ਪਾਇਆ ਕਿ ਉਹ, ਉਸ ਵੇਚੀ ਹੋਈ ਔਰਤ ਨੂੰ ਭਾਰਤ ਵਾਪਸ ਆਉਣ ਦੇਣ ਦਾ ਸਾਰਾ ਪ੍ਰਬੰਧ ਕਰ ਕੇ ਦੇਣ। ਇਸ ਗਿਰੋਹ ਦੇ ਕਬਜ਼ੇ 'ਚੋਂ ਨਿੱਕਲ ਕੇ ਵਾਪਸ ਆਈ ਔਰਤ ਨੇ ਦੱਸਿਆ ਕਿ ਉਹ ਇਕ ਮਹੀਨਾ ਮਸਕਟ ਵਿਚ, ਬਹੁਤ ਸਾਰੇ ਪਾਕਿਸਤਾਨੀ ਲੋਕਾਂ ਵਿਚ ਰਹੀ ਸੀ। ਉਸ ਨੇ ਦੱਸਿਆ ਕਿ ਉੱਥੇ ਚਾਰ-ਪੰਜ ਹੋਰ ਪੰਜਾਬਣਾਂ ਕੁੜੀਆਂ ਵੀ ਸਨ, ਜੋ ਤਰਨ ਤਾਰਨ, ਫਰੀਦਕੋਟ ਤੇ ਅੰਮ੍ਰਿਤਸਰ ਦੀਆਂ ਸਨ। ਉਸ ਨੇ ਇਹ ਵੀ ਦੱਸਿਆ ਕਿ ਉਹ ਨਵੀਂ ਗਈ ਹੋਣ ਕਰ ਕੇ, ਉਸ ਨੂੰ ਉਨ੍ਹਾਂ ਕੁੜੀਆਂ ਤੋਂ ਦੂਰ ਰੱਖਿਆ ਗਿਆ ਸੀ ਤੇ ਉਸ ਦਾ ਪਾਸਪੋਰਟ ਉਸ ਤੋਂ ਲੈ ਲਿਆ ਗਿਆ ਸੀ।

ਉਸ ਨੇ ਕਿਸੇ ਤਰ੍ਹਾਂ, ਉਸ ਘਰ ਦੇ ਵਾਈ-ਫਾਈ ਕੁਨੈਕਸ਼ਨ ਤਕ ਰਸਾਈ ਕਰ ਲਈ, ਜਿਸ ਵਿਚ ਉਸ ਨੂੰ ਰੱਖਿਆ ਹੋਇਆ ਸੀ ਤੇ ਸੋਸ਼ਲ ਮੀਡੀਆ ਰਾਹੀਂ, ਉਸ ਗ਼ੈਰਸਰਕਾਰੀ ਸੰਸਥਾ ਯਾਨੀ ਐੱਨ. ਜੀ. ਓ. ਨਾਲ਼ ਰਾਬਤਾ ਕਰ ਕੇ ਮਦਦ ਮੰਗ ਲਈ। ਉਹ ਦੱਸਦੀ ਹੈ ਕਿ ਮਸਕਟ ਵਿਚ ਉਸ ਨੂੰ ਕਈ ਕਿਸਮ ਦੇ ਲੋਕਾਂ ਨੂੰ ਮਿਲਣ ਲਈ ਮਜਬੂਰ ਕੀਤਾ ਜਾਂਦਾ ਹੁੰਦਾ ਸੀ। ਉਸ ਨੂੰ ਘਰ ਦਾ ਕੰਮ ਕਰਾਉਣ ਦੇ ਬਹਾਨੇ ਬਾਹਰ ਵੀ ਲੋਕਾਂ ਨੂੰ ਮਿਲਣ ਭੇਜਿਆ ਜਾਂਦਾ ਹੁੰਦਾ ਸੀ। ਉਸ ਨੂੰ ਜਾਣ ਸਾਰ ਹੀ ਇਕ ਕਮਰੇ ਅੰਦਰ ਡੱਕ ਦਿੱਤਾ ਗਿਆ ਸੀ। ਲੋਕਾਂ ਦੇ ਘਰਾਂ ਵਿਚ 'ਕੰਮ' ਕਰਨ ਲਈ ਉਸ ਨੂੰ 35-40 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਦੇਣ ਦਾ ਲਾਰਾ ਲਾਇਆ ਗਿਆ ਸੀ। ਮਸਕਟ ਵਿਚ ਨਰਕ ਵਰਗੀ ਜ਼ਿੰਦਗੀ ਬਿਤਾਉਂਦੀ ਆਈ ਇਸ ਬੀਬੀ ਨੇ ਦੱਸਿਆ ਕਿ ਜਦੋਂ ਉਹ, ਉਸ ਨੂੰ ਬੰਦੀ ਬਣਾ ਕੇ 'ਆਪਣਾ ਮਨ ਭਾਉਂਦਾ ਕੰਮ ਕਰਾਉਣਾ ਚਾਹੁਣ ਵਾਲ਼ਿਆਂ' ਦਾ ਹੁਕਮ ਨਹੀਂ ਮੰਨਦੀ ਸੀ ਤਾਂ ਉਹ, ਉਸ ਨੂੰ ਹੱਥੀਂ-ਪੈਰੀਂ ਪੈ ਨਿੱਕਲਦੇ ਸਨ। ਕਈ ਵਾਰੀ ਉਹ ਵੀ, ਉਸ ਨਾਲ਼ ਧੱਕਾ ਵੀ ਕਰ ਲੈਂਦੇ ਸਨ। ਉਹ ਦੱਸਦੀ ਹੈ ਕਿ ਉਸ ਨੂੰ ਬੰਦੀ ਬਣਾ ਕੇ ਰੱਖਣ ਵਾਲਿਆਂ ਨੇ ਮਸਕਟ ਵਿਚ ਉਸ ਦਾ ਫੋਨ ਨੰਬਰ 'ਜਨਤਕ' ਕਰ ਦਿੱਤਾ ਸੀ, ਜਿਸ ਕਰ ਕੇ ਉਸ ਦੇ ਫੋਨ ਉੱਤੇ ਘੜੀ-ਘੜੀ ਅਸ਼ਲੀਲ ਸੁਨੇਹੇ ਆਉਂਦੇ ਰਹਿੰਦੇ ਸਨ। ਇਸ ਸਿਲਸਿਲੇ ਵਿਚ ਮੋਗਾ ਦੀ ਪੁਲਸ ਕੋਲ ਸ਼ਿਕਾਇਤ ਵੀ ਦਰਜ ਕਰਾਈ ਹੋਈ ਹੈ, ਪਰ ਉਸ ਦਾ ਕੋਈ ਨਤੀਜਾ ਨਹੀਂ ਨਿੱਕਲਿਆ। ਦੂਜੇ ਪਾਸੇ ਪੁਲਸ ਦਾ ਇਹ ਕਹਿਣ ਹੈ ਕਿ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਏਦਾਂ ਵੀ ਹੋ ਜਾਂਦੈ

ਗੱਲ ਤਾਂ ਹੈ 2017 ਦੀ, ਪਰ ਇਸ ਦੀ ਚਰਚਾ ਅੱਜ ਵੀ ਜਾਰੀ ਹੈ। ਹੋਵੇ ਵੀ ਕਿਉਂ ਨਾ, ਇਸ ਗੱਲ ਨੇ ਮੁੰਬਈ ਦੀ ਫ਼ਿਲਮ ਨਗਰੀ ਹਿਲਾ ਜੁ ਸੁੱਟੀ ਸੀ। ਕੁੱਝ ਸਮੇਂ ਲਈ ਅਦਾਕਾਰੀ ਦਾ ਕੰਮ ਨਾ ਮਿਲਣ 'ਤੇ 63 ਸਾਲਾਂ ਦੀ, ਨੈਸ਼ਨਲ ਐਵਾਰਡ ਜੇਤੂ ਫ਼ਿਲਮ ਅਦਾਕਾਰਾ ਨੀਨਾ ਗੁਪਤਾ ਨੇ ਸੋਸ਼ਲ ਮੀਡੀਆ ਦੇ ਮੰਚ 'ਇੰਟਸਟਾਗ੍ਰਾਮ' ਉੱਤੇ ਨਸ਼ਰ ਕੀਤੇ ਇਕ




ਸੁਨੇਹੇ ਵਿਚ ਏਦਾਂ ਲਿਖਿਆ, "ਮੈਂ ਮੁੰਬਈ ਵਿਚ ਰਹਿੰਦੀ ਹਾਂ ਤੇ ਜਾਣਦੀ ਹਾਂ ਕਿ ਮੈਂ ਚੰਗੀ ਐਕਟਰੈੱਸ ਹਾਂ। ਮੈਂ ਬਹੁਤ ਹੀ ਚੁਣੌਤੀ ਭਰੇ ਰੋਲ ਭਾਲਦੀ ਹਾਂ।" ਉਸ ਦੀ ਇਸ ਪੋਸਟ ਉੱਤੇ ਕਈ ਕਲਾਕਾਰਾਂ ਨੇ ਟਿੱਪਣੀਆਂ ਕੀਤੀਆਂ। ਉਸ ਦਾ ਇਹ ਸੁਨੇਹਾ ਉਸੇ ਤਰ੍ਹਾਂ ਖ਼ਬਰ ਬਣ ਗਿਆ, ਜਿਸ ਤਰ੍ਹਾਂ ਹੁਣ, ਇਹ 'ਜੱਗੋਂ ਤੇਰ੍ਹਵੀਂ' ਬਣਿਆ ਹੈ। ਅਖੇ 'ਨੈਸ਼ਨਲ ਐਵਰਡ ਜੇਤੂ ਅਦਾਕਾਰਾ ਕੰਮ ਦੀ ਭਾਲ ਵਿਚ'। ਇਸ ਖ਼ਬਰ ਨੇ ਕਈ ਫ਼ਿਲਮ ਪ੍ਰੋਡਿਊਸਰਾਂ-ਡਾਇਰੈਕਟਰਾਂ ਦੀ ਖ਼ਬਰ ਲਈ। ਫਿਰ ਪਤਾ ਕੀ ਹੋਇਆ? ਨੀਨਾ ਗੁਪਤਾ ਨੂੰ ਫ਼ਿਲਮ 'ਬਧਾਈ ਹੋ' ਵਿਚ 'ਪ੍ਰਿਯੰਵਦਾ ਬਬਲੀ ਕੌਸ਼ਿਕ' ਦਾ ਕਿਰਦਾਰ ਨਿਭਾਉਣ ਦੀ ਪੇਸ਼ਕਸ਼ ਆ ਗਈ। ਕੰਮ ਦੀ ਔੜ ਲੱਗਣ ਮਗਰੋਂ ਨੀਨਾ ਗੁਪਤਾ ਨੂੰ ਮਿਲੀ ਇਹ ਫ਼ਿਲਮ 2018 ਵਿਚ ਰਿਲੀਜ਼ ਹੋ ਕੇ ਬਹੁਤ ਕਾਮਯਾਬ ਹੋਣ ਮਗਰੋਂ, ਉਸ ਨੂੰ ਕੰਮ ਦਾ ਕੋਈ ਘਾਟਾ ਨਾ ਰਿਹਾ। ਕਹਿੰਦੇ ਨੇ ਕਿ ਉਸ ਕੋਲ ਇਸ ਵੇਲ਼ੇ ਇੰਨਾ ਕੰਮ ਹੈ, ਜਿੰਨਾ ਉਸ ਕੋਲ਼ ਜੁਆਨੀ ਵੇਲ਼ੇ ਵੀ ਨਹੀਂ ਹੁੰਦਾ ਸੀ।










### ਭਰਾ ਦੀ ਲਾੜੀ ਬਣ ਕੇ ਕੁੜੀ 'ਫੁਰਰ'

ਡਾਲਰਾਂ-ਪੌਂਡਾਂ ਲਈ ਵਿਦੇਸ਼ੀਂ ਜਾਣ ਖ਼ਾਤਰ ਪੰਜਾਬੀ ਮੁੰਡੇ-ਕੁੜੀਆਂ ਕੀ-ਕੀ ਨਹੀਂ ਕਰਦੇ, ਇਸ ਦੀ ਇਕ ਤਾਜ਼ਾ




ਮਿਸਾਲ, ਪੰਜਾਬ ਦੇ ਜ਼ਿਲਾ ਬਠਿੰਡਾ ਦੇ ਪਿੰਡ ਬਾਲਿਆਂਵਾਲ਼ੀ ਤੋਂ ਸਾਹਮਣੇ ਆਈ ਹੈ, ਜਿੱਥੇ ਇਕ ਕੁੜੀ ਅਮਨਦੀਪ ਕੌਰ ਨੇ ਆਪਣੇ ਸਕੇ ਭਰਾ ਮਨਦੀਪ ਸਿੰਘ ਨਾਲ਼ ਗੁਰਦੁਆਰੇ ਜਾ ਕੇ ਵਿਆਹ ਕਰਾ ਲਿਆ ਹੈ। ਇੰਨਾ ਹੀ ਨਹੀਂ, ਫਿਰ ਅਮਨਦੀਪ ਕੌਰ, ਆਪਣੀ ਮਾਸੀ ਦੀ ਧੀ ਰਣਵੀਰ ਕੌਰ ਦੇ ਪਾਸਪੋਰਟ ਉੱਤੇ ਆਪਣੀ ਫੋਟੋ ਲੁਆ ਕੇ, ਆਸਟਰੇਲੀਆ ਪਹੁੰਚ ਗਈ ਹੈ।। ਰਣਵੀਰ ਕੌਰ ਵੱਲੋਂ ਹੀ ਇਸ ਸਬੰਧ ਵਿਚ ਪੁਲਸ ਨੂੰ ਰਿਪੋਰਟ ਕਰਨ ਤੋਂ ਮਗਰੋਂ ਹੀ ਇਹ ਮਾਮਲਾ ਰੌਸ਼ਨੀ ਵਿਚ ਆਇਆ ਹੈ। ਪੁਲਸ ਨੂੰ ਲਿਖਾਈ ਰਿਪੋਰਟ ਵਿਚ ਇਸ ਕੁੜੀ ਨੇ ਕਿਹਾ ਹੋਇਆ ਹੈ ਕਿ ਅਮਨਦੀਪ ਕੌਰ ਨੇ ਵਿਦੇਸ਼ ਜਾਣ ਖਾਤਰ ਹੀ ਆਪਣੇ ਸਕੇ ਭਰਾ ਨਾਲ਼ ਵਿਆਹ ਕਰਾਉਣ ਦਾ ਪਰਪੰਚ ਰਚਿਆ ਹੈ ਤੇ ਇਸ ਵਿਚ ਉਨ੍ਹਾਂ ਦੇ ਮਾਪੇ ਵੀ, ਉਨ੍ਹਾਂ ਨਾਲ਼ ਰਲ਼ੇ ਹੋਏ ਹਨ। ਪੁਲਸ ਨੇ ਅਮਨਦੀਪ ਕੌਰ ਤੇ ਮਨਦੀਪ ਸਿੰਘ ਸਮੇਤ ਉਨ੍ਹਾਂ ਦੇ ਪੂਰੇ ਪਰਿਵਾਰ ਵਿਰੁੱਧ ਕੇਸ ਦਰਜ ਕਰ ਲਿਆ ਹੈ, ਪਰ ਇਸ ਸਬੰਧ ਵਿਚ ਹਾਲੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

### 'ਚਮਕੀਲਾ' ਬਣ ਗਿਆ ਦਿਲਜੀਤ ਦੁਸਾਂਝ

ਮਰਹੂਮ ਪੰਜਾਬੀ ਗਾਇਕ ਅਮਰ ਸਿੰਘ 'ਚਮਕੀਲਾ' ਦੀ ਜ਼ਿੰਦਗੀ ਦੇ ਆਧਾਰ 'ਤੇ ਬਣਾਈ ਜਾਣ ਵਾਲ਼ੀ ਇਕ ਫ਼ਿਲਮ ਦੇ ਸਬੰਧ ਵਿਚ ਲਗਾਏ ਜਾਂਦੇ ਰਹੇ ਅਟਕਲ ਪੱਚੂ ਹੁਣ ਬੰਦ ਹੋ ਗਏ ਹਨ ਕਿਉਂ ਕਿ ਚਰਚਿਤ ਫ਼ਿਲਮ ਨਿਰਦੇਸ਼ਕ ਇਮਤਿਆਜ਼ ਅਲੀ ਨੇ, ਜ਼ਿਲਾ ਸੰਗਰੂਰ ਦੇ ਕਈ ਪਿੰਡਾਂ ਵਿਚ, ਇਸ ਫ਼ਿਲਮ ਦੀ ਸ਼ੂਟਿੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਅਦਾਕਾਰ ਦਿਲਜੀਤ ਦੁਸਾਂਝ ਤੇ ਅਦਾਕਾਰਾ ਪਰਿਨੀਤੀ ਚੋਪੜਾ, ਇਸ ਫ਼ਿਲਮ, ਜਿਸ ਦਾ ਨਾਂ ਅਜੇ ਨਹੀਂ ਐਲਾਨਿਆ ਗਿਆ, ਵਿਚ ਕ੍ਰਮਵਾਰ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਕਿਰਦਾਰ ਨਿਭਾ ਰਹੇ ਹਨ। ਦਿਲਜੀਤ ਨੂੰ ਚਮਕੀਲੇ ਵਰਗਾ ਦਰਸਾਉਣ ਲਈ ਹਰ ਹੀਲਾ ਕਰਦਿਆਂ ਉਸ ਦੀਆਂ, ਚਮਕੀਲੇ ਦੇ ਰੂਪ ਵਿਚ ਖਿੱਚੀਆਂ ਹੋਈਆਂ ਕੁੱਝ ਤਸਵੀਰਾਂ ਵੀ ਆਈਆਂ ਹਨ, ਜੋ ਇਸ 'ਜਗੋਂ ਤੇਰ੍ਹਵੀਂ' ਦੇ ਨਾਲ਼ ਛਾਪੀਆਂ ਜਾ ਰਹੀਆਂ ਹਨ। ਇਮਤਿਆਜ਼ ਅਲੀ ਨੇ ਪਿਛਲੇ ਦਿਨੀਂ, ਪਿੰਡ ਹਥਨ ਦੀ ਕਿਲ਼ੇ ਵਾਲ਼ੀ ਸੱਥ ਵਿਚ ਤੇ ਫਿਰ ਬੁਖਰਾ ਪੱਤੀ ਦੇ ਦਰਵਾਜ਼ੇ ਨੇੜੇ ਚਮਕੀਲੇ ਤੇ ਅਮਰਜੋਤ ਦਾ ਅਖਾੜੇ ਦੇ ਕੁੱਝ ਦ੍ਰਿਸ਼ ਫ਼ਿਲਮਾਏ ਤੇ ਫਿਰ ਇਸੇ ਪਿੰਡ ਦੇ ਇਕ ਪੁਰਾਣੇ ਤੇ ਕੱਚੇ ਘਰ ਵਿਚ ਚਮਕੀਲੇ ਤੇ ਅਮਰਜੋਤ ਦੇ ਵਿਆਹ ਦੇ ਕੁੱਝ ਦ੍ਰਿਸ਼ ਵੀ ਫ਼ਿਲਮਾਏ ਹਨ। ਇਸ ਫ਼ਿਲਮ ਦੀ ਕੁੱਝ ਸ਼ੂਟਿੰਗ, ਰਾਜੋ ਮਾਜਰਾ ਤੇ ਸਾਰੋਂ ਵਿਚ ਵੀ ਕੀਤੀ ਗਈ ਹੈ।

### 'ਐਸਪਾਇਰ' ਟੌਪ 50 ਵਿਚ ਸ਼ਾਮਲ

'ਐਕਸਪੀ ਰਿਐਲਿਟੀ' ਦੀ 'ਐਸਪਾਇਰ' ਟੀਮ, ਜੋ ਨੈਵ ਖੇਲਾ ਦੀ ਅਗਵਾਈ ਹੇਠ ਕੰਮ ਕਰਦੀ ਹੈ, ਇਸ ਵੇਲ਼ੇ ਆਪਣੀ ਵਧੀਆ ਕਾਰੋਬਾਰੀ ਕਾਰਗੁਜ਼ਾਰੀ ਨਾਲ਼, ਰੀਅਲ ਅਸਟੇਟ ਦਾ ਕਾਰੋਬਾਰ ਕਰਦੀਆਂ, ਕੈਨੇਡਾ ਦੀਆਂ 50 ਸਿਖ਼ਰਲੀਆਂ (ਟੌਪ 50) ਟੀਮਾਂ ਵਿਚ ਸ਼ਾਮਲ ਹੋ ਗਈ ਹੈ। ਇਹ ਜਾਣਕਾਰੀ 'ਐਕਸਪੀ ਰਿਐਲਿਟੀ' ਦੇ ਇਕ ਫੋਲਡਰ ਤੋਂ ਅਤੇ ਨੈਵ ਖੇਲਾ ਵੱਲੋਂ ਸੋਸ਼ਲ ਮੀਡੀਆ ਰਾਹੀਂ ਆਪਣੀ ਟੀਮ ਨੂੰ ਦਿੱਤੀ ਵਧਾਈ ਤੋਂ ਮਿਲੀ ਹੈ।




### ਲੱਭੇ ਹੋਏ 25 ਲੱਖ ਮੋੜੇ

ਜਾਇਜ਼-ਨਜਾਇਜ਼ ਢੰਗਾਂ ਨਾਲ਼ ਕਮਾਈ ਵਧਾਉਣ ਦੇ ਇਸ ਦੌਰ ਵਿਚ ਕੋਈ ਜਣਾ ਲੱਭੇ ਹੋਏ 25 ਲੱਖ ਰੁਪਏ



ਲੁਕਾਉਣ ਦੀ ਥਾਂ, ਪੁਲਸ ਨੂੰ ਸੌਂਪ ਦੇਵੇ ਤਾਂ 'ਜੱਗੋਂ ਤੇਰ੍ਹਵੀਂ' ਨਹੀਂ ਤਾਂ ਹੋਰ ਕੀ ਹੈ! ਇਹ ਕਾਰਨਾਮਾ ਕੀਤਾ ਹੈ, ਉੱਤਰ ਪ੍ਰਦੇਸ਼ ਦੇ ਜ਼ਿਲਾ ਗ਼ਾਜ਼ੀਆਬਾਦ ਦੇ ਥਾਣਾ ਮੋਦੀ ਨਗਰ ਦੇ ਇਲਾਕੇ ਵਿਚ ਰਹਿੰਦੇ, ਆਸ ਮੁਹੰਮਦ ਨਾਂ ਦੇ ਇਕ ਈ-ਰਿਕਸ਼ਾ ਚਾਲਕ ਨੇ। ਉਸ ਨੂੰ ਕਿਤੇ ਪਿਆ ਇਕ ਬੈਗ ਮਿਲ਼ਿਆ, ਜਿਸ ਵਿਚ 25 ਲੱਖ ਰੁਪਏ ਸਨ। ਇਹ ਸਭ ਕੁੱਝ ਦੇਖ-ਸਮਝ ਕੇ, ਉਸ ਨੇ ਆਪਣੇ ਇਕ ਭਤੀਜੇ ਨੂੰ ਹਾਕ ਮਾਰੀ ਤੇ ਆਪਣੇ ਨਾਲ਼ ਥਾਣੇ ਜਾਣ ਲਈ ਰਿਕਸ਼ੇ ਵਿਚ ਬਹਾ ਲਿਆ। ਉਸ ਨੇ ਆਪਣੇ ਭਤੀਜੇ ਦੀ ਹਾਜ਼ਰੀ ਵਿਚ 25 ਲੱਖ ਵਾਲ਼ਾ ਉਹ ਬੈਗ ਪੁਲਸ ਦੇ ਹਵਾਲੇ ਕਰ ਦਿੱਤਾ। ਇਸ ਮੌਕੇ 'ਤੇ ਏ. ਸੀ. ਪੀ. (ਦਿਹਾਤੀ) ਰਵੀ ਕੁਮਾਰ ਨੇ, ਇਮਾਨਦਾਰੀ ਦਾ ਲੜ ਫੜੀ ਰੱਖਣ ਲਈ ਆਸ ਮੁਹੰਮਦ ਦਾ ਮਾਣ-ਤਾਣ ਵੀ ਕੀਤਾ।

### ਉਹ ਤਾਂ ਗਲ਼ ਹੀ ਪੈ ਗਈ



ਫ਼ਿਲਮ ਅਦਾਕਾਰ ਅਦਿੱਤਯ ਕਪੂਰ ਦੀ ਫ਼ਿਲਮ 'ਦ ਨਾਈਟ ਮੈਨੇਜਰ' ਦੇ ਇਕ ਸ਼ੋਅ ਤੋਂ ਮਗਰੋਂ ਉਸ ਦੀ ਇਕ ਫੈਨ ਬੀਬੀ, ਉਸ ਦੀ ਪ੍ਰਸ਼ੰਸਾ ਕਰਨ ਤੇ ਸੈਲਫੀ ਖਿੱਚਣ ਦੇ ਬਹਾਨੇ ਉਸ ਦੇ ਗਲ਼ ਨੂੰ ਹੀ ਨਹੀਂ ਚੁੰਬੜ ਗਈ, ਸਗੋਂ ਉਸ ਦਾ ਮੂੰਹ



ਚੁਮਣ ਤਕ ਚਲੀ ਗਈ ਤੇ ਇਸ ਅਦਾਕਾਰ ਨੇ ਉਸ ਤੋਂ ਮਸਾਂ ਹੀ ਖਹਿੜਾ ਛੁਡਾਇਆ। ਇਸ ਮੌਕੇ 'ਤੇ ਕਿਸੇ ਨੇ ਇਸ ਘਟਨਾ ਦੀ ਵਿਡੀਓ ਬਣਾ ਕੇ ਇੰਟਰਨੈੱਟ 'ਤੇ ਅਪਲੋਡ ਕਰ ਦਿੱਤੀ ਹੈ ਤੇ ਹੁਣ ਲੋਕਾਂ ਨੇ ਇਹ ਵਿਡੀਓ ਦੇਖਦਿਆਂ ਨੈੱਟ ਦੀਆਂ ਚੀਕਾਂ ਕਢਾਈਆਂ ਹੋਈਆਂ ਹਨ।

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9'', ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੋਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, ਭਛੀਠ ਤੋਂ 2ੈ ਓਅਸ਼ਿ ਠ ਧੀਫਲੈਂਅ਼ ਲਦਏਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਞਚਹਣਟ ਫਹੋਟੋ ਅਨਦ ਬਿਓਦੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੇਲ ਸੈਟਲ ਲੜਕੇ ਦੀ ਲੋੜ ਹੈ। **Contact: 604-897-1298,**
**Whatsapp Number: 99-156-52029**

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking ਅਤੇ Coring** ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**
**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਰਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389





# ਨਾਮਧਾਰੀ ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਦਾ 207ਵਾਂ ਪ੍ਰਕਾਸ਼ ਪੁਰਬ ਮਨਾਇਆ

ਲੁਧਿਆਣਾ-ਨਾਮਧਾਰੀ ਸੰਗਤ ਵੱਲੋਂ ਭਾਰਤ ਦੀ ਆਜ਼ਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਦਾ 207ਵਾਂ ਪ੍ਰਕਾਸ਼ ਪੁਰਬ ਬੜੇ ਹੀ ਉਤਸ਼ਾਹ, ਸ਼ਰਧਾ ਅਤੇ ਸਤਿਕਾਰ ਸਹਿਤ 'ਗਰੀਨ ਵੈਲੀ ਸਕੂਲ ਲੁਧਿਆਣਾ' ਨੇੜੇ ਮਨਾਇਆ ਗਿਆ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਹਰਵਿੰਦਰ ਸਿੰਘ ਨਾਮਧਾਰੀ ਅਤੇ ਮਨਿੰਦਰ ਸਿੰਘ ਸਾਬੀ ਨੇ ਦੱਸਿਆ ਹੈ ਕਿ ਸਮਾਗਮ ਦੌਰਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੀ ਪ੍ਰੇਰਨਾ ਸਦਕਾ 10-12 ਪਰਿਵਾਰਾਂ ਨੂੰ ਮੁੜ ਨਾਮਧਾਰੀ ਪੰਥ ਵਿੱਚ ਵਾਪਸ ਲਿਆਂਦਾ ਗਿਆ ਹੈ ਜੋ ਕਿਸੇ ਕਾਰਨ ਨਾਮਧਾਰੀ ਪੰਥ ਤੋਂ ਦੂਰ ਹੋ ਚੁੱਕੇ ਸਨ ਅਤੇ ਇਨ੍ਹਾਂ ਪਰਿਵਾਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਜੋ ਪਰਿਵਾਰ ਨਾਮਧਾਰੀ ਪੰਥ ਵਿੱਚ ਵਾਪਸ ਆਏ ਹਨ, ਉਨ੍ਹਾਂ ਨੇ ਠਾਕੁਰ ਦਲੀਪ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਅੱਜ ਮੁੜ ਨਾਮਧਾਰੀ ਪੰਥ ਵਿੱਚ ਜੋ ਸਤਿਕਾਰ ਮਿਲਿਆ ਹੈ ਉਹ ਉਨ੍ਹਾਂ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਇਸ ਮੌਕੇ ਜੱਥੇਦਾਰ ਗੋਪਾਲ ਸਿੰਘ, ਭਾਈ ਭਗਤਾ ਸਿੰਘ ਅਤੇ ਬੀਬੀਆਂ ਦੇ ਜੱਥੇ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਾ ਜਸ ਕੀਰਤਨ ਅਤੇ ਸਾਖੀਆਂ ਰਾਹੀਂ ਸੁਣਾ ਕੇ ਆਈ ਹੋਈ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਸਮਾਗਮ ਵਿਚ ਜਸਵੰਤ ਸਿੰਘ ਸੋਨੀ ਪ੍ਰਧਾਨ, ਜਸਬੀਰ ਸਿੰਘ ਪਾਇਲ, ਅਜਮੇਰ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ ਭੁਰਜੀ, ਬੀਬੀ ਸਤਨਾਮ ਕੌਰ, ਗੁਰਪ੍ਰੀਤ ਕੌਰ, ਰਣਜੀਤ ਕੌਰ ਅਤੇ ਅਰਵਿੰਦਰ ਲਾਡੀ ਆਦਿ ਹਾਜ਼ਰ ਸਨ।

# ਬਲੋਚ ਮੰਤਰੀ ਦੇ ਘਰੋਂ ਮਿਲੀਆਂ ਤਿੰਨ ਲਾਸ਼ਾਂ, ਸਰੀਰ 'ਤੇ ਗੋਲੀਆਂ ਦੇ ਨਿਸ਼ਾਨ

ਇਸਲਾਮਾਬਾਦ-ਪਾਕਿਸਤਾਨ 'ਚ ਬਲੋਚਿਸਤਾਨ ਦੇ ਮੰਤਰੀ ਨੂੰ ਤਿੰਨ ਲੋਕਾਂ ਦੀ ਹੱਤਿਆ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਮੰਤਰੀ ਦਾ ਨਾਂ ਸਰਦਾਰ ਅਬਦੁਲ ਰਹਿਮਾਨ ਖੇਤਾਨ ਹੈ, ਜਿਸ 'ਤੇ ਤਿੰਨ ਲੋਕਾਂ ਦੀ ਹੱਤਿਆ ਦਾ ਦੋਸ਼ ਹੈ। ਪੁਲਿਸ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਵਰਕਸ ਐਂਡ ਕਮਿਊਨੀਕੇਸ਼ਨ ਮੰਤਰੀ ਖੇਤਾਨ ਦੇ ਘਰ ਦੇ ਖੂਹ ਵਿੱਚੋਂ ਗੋਲੀਆਂ ਨਾਲ ਵਿੰਨੀਆਂ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਹਨ। ਇਹ ਲਾਸ਼ਾਂ ਇਕ ਔਰਤ ਅਤੇ ਦੋ ਬੱਚਿਆਂ ਦੀਆਂ ਸਨ, ਜੋ ਪੂਰੀ ਤਰ੍ਹਾਂ ਸੜ ਚੁੱਕੀਆਂ ਸਨ। ਖੇਤਾਨ 'ਤੇ ਇਹ ਵੀ ਇਲਜ਼ਾਮ ਹਨ ਕਿ ਉਸ ਨੇ ਆਪਣੇ ਘਰ ਵਿੱਚ ਇੱਕ ਨਿੱਜੀ ਜੇਲ੍ਹ ਬਣਾਈ ਹੋਈ ਹੈ, ਜਿੱਥੇ ਉਹ ਲੋਕਾਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਬੰਦ ਕਰ ਦਿੰਦਾ ਹੈ। ਇਨ੍ਹਾਂ ਲੋਕਾਂ ਨੂੰ ਜੇਲ੍ਹ ਵਿੱਚ ਤਸੀਹੇ ਦਿੱਤੇ ਜਾਂਦੇ ਹਨ। ਇਲਜ਼ਾਮ ਹੈ ਕਿ ਔਰਤ ਅਤੇ ਉਸਦੇ ਦੋ ਬੱਚਿਆਂ ਨੂੰ ਵੀ ਇਸੇ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਅਤੇ ਤਸੀਹੇ ਦਿੱਤੇ ਗਏ ਅਤੇ ਬਾਅਦ ਵਿੱਚ ਕਤਲ ਕਰਕੇ ਖੂਹ ਵਿੱਚ ਸੁੱਟ ਦਿੱਤਾ ਗਿਆ। ਘਟਨਾ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ, ਜਿਸ ਤੋਂ ਬਾਅਦ ਖੇਤਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪੁਲਸ ਨੂੰ ਸੋਮਵਾਰ ਰਾਤ ਬਰਖਾਨ ਜ਼ਿਲੇ 'ਚ ਉਨ੍ਹਾਂ ਦੇ ਘਰ ਦੇ ਖੂਹ 'ਚੋਂ ਤਿੰਨ ਸੜੀਆਂ ਲਾਸ਼ਾਂ ਮਿਲੀਆਂ। ਮੰਤਰੀ 'ਤੇ ਲੱਗੇ ਦੋਸ਼ਾਂ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਪੀੜਤਾਂ ਲਈ ਇਨਸਾਫ ਦੀ ਮੰਗ ਨੂੰ ਲੈ ਕੇ ਲਗਾਤਾਰ ਦੂਜੇ ਦਿਨ ਵੀ ਕਵੇਟਾ 'ਚ ਪ੍ਰਦਰਸ਼ਨ ਕੀਤਾ। ਇਹ ਲਾਸ਼ਾਂ ਇੱਕ ਸਥਾਨਕ ਵਿਅਕਤੀ ਖਾਨ ਮੁਹੰਮਦ ਮਾਰੀ ਦੇ ਪਰਿਵਾਰਕ ਮੈਂਬਰਾਂ ਦੀਆਂ ਹਨ। ਖਾਨ ਨੇ ਖੇਤਾਨ 'ਤੇ ਆਪਣੀ ਪਤਨੀ ਅਤੇ ਬੱਚਿਆਂ ਦੀ ਹੱਤਿਆ ਦਾ ਦੋਸ਼ ਲਗਾਇਆ ਹੈ। ਖਾਨ ਮੁਹੰਮਦ ਮਾਰੀ ਨੇ ਦੱਸਿਆ ਕਿ 2019 ਵਿੱਚ ਮੇਰੀ ਪਤਨੀ ਅਤੇ ਸੱਤ ਬੱਚੇ ਖੇਤਾਨ ਦੇ ਘਰ ਦੀ ਨਿੱਜੀ ਜੇਲ੍ਹ ਵਿੱਚ ਕੈਦ ਸਨ। ਉਧਰ, ਮੰਤਰੀ ਖੇਤਾਨ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਕਰਾਰ ਦਿੱਤਾ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਇਟਲੀ 'ਚ ਗੁਰੂ ਰਵਿਦਾਸ ਜੀ ਮਹਾਰਾਜ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ





ਰੋਮ ਇਟਲੀ (ਗੁਰਸ਼ਰਨ ਸਿੰਘ ਸਿਆਣ)-14ਵੀਂ ਸਦੀ ਵਿੱਚ ਹੱਕ ਤੇ ਸੱਚ ਦਾ ਹੋਕਾ ਨਿੱਡਰਤਾ ਨਾਲ ਦੇ ਕੇ ਸੁੱਤੀ ਮਾਨਵਤਾ ਨੂੰ ਜਗਾਉਣ ਵਾਲੇ ਮਹਾਨ ਇਨਕਲਾਬੀ ਯੋਧੇ, ਸ਼੍ਰੋਮਣੀ ਸੰਤ ਤੇ ਰਹਿਬਰਾ ਦੇ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ(ਲਾਤੀਨਾ)ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਪਿੰਡ ਬੋਰਗੋ ਹਰਮਾਦਾ ਵਿਖੇ ਸਜਾਇਆ ਗਿਆ।ਇਸ ਮਹਾਨ ਤੇ ਪਵਿੱਤਰ ਦਿਵਸ ਮੌਕੇ ਆਰੰਭੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਭੋਗ ਉਪੰਰਤ ਰਾਤ ਦੇ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ ਜਿਸ ਵੱਖ-ਵੱਖ ਪ੍ਰਚਾਰਕਾਂ ਤੇ ਕੀਰਤਨੀਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਸੰਗਤਾਂ ਨੂੰ ਸਰਵਣ ਕਰਵਾਈ।ਐਤਵਾਰ ਨੂੰ ਨਗਰ ਕੀਰਤਨ ਦੀ ਆਰੰਭਤਾ ਦੁਪਿਹਰ ਸਮੇਂ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਕੀਤੀ ਗਈ ਜਿਸ ਦੀ ਅਗਵਾਈ ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀ ਸਿੰਘਾਂ ਨੇ ਕੀਤੀ।ਨਗਰ ਕੀਤਰਨ ਗੁਰਦੁਆਰਾ ਸਾਹਿਬ ਤੋਂ ਸਰਬੱਤ ਦੇ ਭਲੇ ਦੇ ਜੈਕਾਰੇ ਛੱਡਦਾ ਆਰੰਭ ਹੋਇਆ ਤੇ ਨਗਰ ਦੀ ਪ੍ਰਕਰਮਾ ਕਰਦਾ ਵਾਪਸ ਗੁਰਦੁਆਰਾ ਸਾਹਿਬ ਆਕੇ ਸਮਾਪਤ ਹੋਇਆ।ਨਗਰ ਕੀਰਤਨ ਦੀਆਂ ਸੰਗਤਾਂ ਲਈ ਸੇਵਾਦਾਰਾਂ ਵੱਲੋਂ ਜੂਸ,ਚਾਹ ਤੇ ਛੋਲਿਆਂ ਦੇ ਪ੍ਰਸ਼ਾਦ ਵਰਤਾਏ ਗਏ।ਧਾਰਮਿਕ ਦੀਵਾਨਾਂ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂਅ ਦੇ ਜੈਕਾਰੇ ਬੁਲਾਉਂਦਿਆਂ ਸੰਗਤਾਂ ਨੇ ਗੁਰੂ ਮਹਿਮਾ ਦਾ ਗੁਣਗਾਨ ਵੀ ਕੀਤਾ।ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿੱਚ ਪਹੁੰਚੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਓ ਸਾਰੇ ਅਸੀਂ ਰਲ ਮਿਲ ਸਭ ਗੁਰੂ ਸਹਿਬਾਨਾਂ ਦੇ ਪੁਰਬ ਇੱਕਠੇ ਹੋ ਮਨਾਈਏ ਤੇ ਬਾਣੀ ਪੜ੍ਹਕੇ ਉਸ ਨੂੰ ਅਮਲੀ ਜਾਮਾ ਪਹਿਨਾਈਏ ਕਿਉਂ ਕਿ ਅਸੀਂ ਇੱਕ ਹੀ ਪਿਤਾ ਅਕਾਲ ਪੁਰਖ ਦੇ ਬੱਚੇ ਹਾਂ। ਇਸ ਨਗਰ ਕੀਰਤਨ ਵਿੱਚ ਇਲਾਕੇ ਭਰ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਸਭ ਸੰਗਤਾਂ ਲਈ ਗੁਰੂ ਦੇ ਅਨੇਕਾਂ ਪ੍ਰਕਾਰ ਦੇ ਲੰਗਰ ਅਟੁੱਟ ਵਰਤੇ।




## ਖੜ੍ਹੇ ਟਰੱਕ ਵਿੱਚ ਕਾਰ ਵੱਜਣ ਕਾਰਨ ਦੋ ਸਕੇ ਭਰਾਵਾਂ ਸਣੇ ਚਾਰ ਹਲਾਕ

### ਦੋ ਜ਼ਖ਼ਮੀ ਪੀਜੀਆਈ ਭੇਜੇ; ਪੋਸਟਮਾਰਟਮ ਨਾ ਕਰਨ 'ਤੇ ਸਰਕਾਰੀ ਹਸਪਤਾਲ ਵਿਚ ਹੰਗਾਮਾ



ਰਾਜਪੁਰਾ-ਇੱਥੇ ਨੈਸ਼ਨਲ ਹਾਈਵੇਅ ਨੰਬਰ -1 'ਤੇ ਪਿੰਡ ਪਿਲਖਣੀ ਕੋਲ ਬੀਤੀ ਦੇਰ ਰਾਤ ਵਾਪਰੇ ਸੜਕ ਹਾਦਸੇ 'ਚ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਦੋ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਆਪਣੇ ਦੋਸਤ ਦਾ ਜਨਮ ਦਿਨ ਮਨਾ ਕੇ 6 ਨੌਜਵਾਨ ਕਾਰ ਨੰਬਰ ਸੀਐੱਚ 01 ਵਾਈ 7179 ਰਾਹੀਂ ਸਰਹਿੰਦ ਵੱਲੋਂ ਰਾਜਪੁਰਾ ਆ ਰਹੇ ਸਨ। ਉਨ੍ਹਾਂ ਦੀ ਕਾਰ ਜਦੋਂ ਪਿੰਡ ਪਿਲਖਣੀ ਕੋਲ ਪੁੱਜੀ ਤਾਂ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਟਕਰਾ ਗਈ। ਕਾਰ ਵਿੱਚ ਸਵਾਰ ਗੁਰਜਿੰਦਰ ਸਿੰਘ, ਰਵਿੰਦਰ ਸਿੰਘ ਪੁੱਤਰ ਸੁਰਿਦਰ ਸਿੰਘ ਵਾਸੀ ਜੱਟਾਂ ਵਾਲਾ ਮੁਹੱਲਾ ਪੁਰਾਣਾ ਰਾਜਪੁਰਾ, ਕਮਲਜੀਤ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਏਕਤਾ ਕਲੋਨੀ ਰਾਜਪੁਰਾ, ਗੁਰਵਿੰਦਰ ਸਿੰਘ ਦੀ ਥਾਂ 'ਤੇ ਹੀ ਮੌਤ ਹੋ ਗਈ ਜਦਕਿ ਨਾਨਕ ਸਿੰਘ ਪੁੱਤਰ ਬਲਦੇਵ ਸਿੰਘ ਅਤੇ ਅਵਿਨਾਸ਼ ਸਿੰਘ ਵਾਸੀ ਨਲਾਸ ਰੋਡ ਰਾਜਪੁਰਾ ਜ਼ਖ਼ਮੀ ਹੋ ਗਏ। ਪੁਲੀਸ ਨੇ ਅਣਪਛਾਤੇ ਟਰੱਕ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਕੇ ਟਰੱਕ ਕਬਜ਼ੇ ਵਿਚ ਲੈ ਲਿਆ ਹੈ। ਉਧਰ ਸਿਵਲ ਹਸਪਤਾਲ ਵਿੱਚ ਡਾਕਟਰਾਂ ਤੇ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਵਿੱਚ ਉਲਝਣ ਪੈਣ 'ਤੇ ਪਿੰਡ ਵਾਸੀਆਂ ਨੇ ਹਸਪਤਾਲ ਦੇ ਅਮਲੇ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਥਾਣਾ ਮੁਖੀ ਰਾਕੇਸ਼ ਕੁਮਾਰ ਨੇ ਮੌਕੇ 'ਤੇ ਪਹੁੰਚ ਕੇ ਧਰਨਾਕਾਰੀਆਂ ਨੂੰ ਸ਼ਾਂਤ ਕੀਤਾ। ਐੱਸਐੱਮਓ ਡਾ. ਬਿਧੀ ਨੇ ਦੱਸਿਆ ਕਿ ਡਿਊਟੀ 'ਤੇ ਤਾਇਨਾਤ ਡਾਕਟਰਾਂ ਨੇ ਮ੍ਰਿਤਕਾਂ ਦੇ ਸ਼ਰਾਬ ਵਗੈਰਾ ਪੀਣ ਦਾ ਪਤਾ ਲਾਉਣ ਲਈ ਜਦੋਂ ਸੈਂਪਲ ਲੈਣਾ ਚਾਹਿਆ ਤਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਦੱਸਿਆ ਕਿ ਮਗਰੋਂ ਲਾਸ਼ਾਂ ਦਾ ਪੋਸਟਮਾਰਟਮ ਕਰ ਦਿੱਤਾ ਗਿਆ ਹੈ।


ਗੁਰਵਿੰਦਰ ਸਿੰਘ


ਕਮਲਜੀਤ ਸਿੰਘ


ਗੁਰਜਿੰਦਰ ਸਿੰਘ


ਰਾਵਿੰਦਰ ਸਿੰਘ

# 8 ਮਾਰਚ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ 'ਮਿੱਤਰਾਂ ਦਾ ਨਾਂ ਚੱਲਦਾ'

## ਫ਼ਿਲਮ ਦੇ ਰੋਮਾਂਟਿਕ ਗੀਤ 'ਢੋਲਾ' ਨੇ ਪਾਈਆਂ ਹਰ ਪਾਸੇ ਧੁੰਮਾਂ






ਜਲੰਧਰ-ਫਿਲਮ 'ਮਿੱਤਰਾ ਦਾ ਨਾਂ ਚੱਲਦਾ' ਦੇਸ਼ ਵਿਚ ਔਰਤਾਂ ਨਾਲ ਕੀਤੇ ਜਾ ਰਹੇ ਵਿਵਹਾਰ 'ਤੇ ਅਧਾਰਿਤ ਹੈ। ਇਸ 'ਚ ਗਿੱਪੀ ਗਰੇਵਾਲ ਮੁੱਖ ਭੂਮਿਕਾ ਨਿਭਾ ਰਹੇ ਹਨ। ਫਿਲਮ ਦੀ ਸਟਾਰ ਕਾਸਟ ਵਿੱਚ ਗਿੱਪੀ ਗਰੇਵਾਲ, ਤਾਨੀਆ, ਰਾਜ ਸ਼ੇਕਰ, ਸ਼ਵੇਤਾ ਤਿਵਾਰੀ, ਰੇਣੂ ਕੌਸ਼ਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਹਰਦੀਪ ਗਿੱਲ ਅਤੇ ਹੋਰ ਬਹੁਤ ਸਾਰੇ ਕਲਾਕਾਰ ਸ਼ਾਮਲ ਹਨ। ਇਸ ਦਾ ਨਿਰਦੇਸ਼ਨ ਪੰਕਜ ਬੱਤਰਾ ਨੇ ਕੀਤਾ ਹੈ ਅਤੇ ਕਹਾਲੀ ਰਾਕੇਸ਼ ਧਵਨ ਨੇ ਲਿਖੀ ਹੈ। ਫਿਲਮ ਦਾ ਟ੍ਰੇਲਰ ਪਹਿਲਾਂ ਹੀ ਦਰਸ਼ਕਾਂ ਤੋਂ ਬਹੁਤ ਪ੍ਰਸ਼ੰਸਾ ਪ੍ਰਾਪਤ ਕਰ ਚੁੱਕਿਆ ਹੈ ਅਤੇ 8 ਮਾਰਚ 2023 ਨੂੰ ਫਿਲਮ ਸਕ੍ਰੀਨ 'ਤੇ ਆਉਣ ਵਾਲੀ ਹੈ। ਫ਼ਿਲਮ ਦਾ ਗੀਤ 'ਢੋਲਾ' ਜੋ ਹਾਲ ਹੀ ਵਿਚ ਰਿਲੀਜ਼ ਕੀਤਾ ਗਿਆ ਹੈ ਨੇ ਹਰ ਪਾਸੇ ਧੁੰਮਾਂ ਪਾ ਦਿੱਤੀਆਂ ਹਨ। ਗੀਤ ਨੂੰ ਹਰ ਵਰਗ ਦੇ ਦਰਸ਼ਕ ਪਸੰਦ ਕਰ ਰਹੇ ਹਨ। ਰਿਕਾਰਡ ਤੋੜਨ ਵਾਲੇ ਟ੍ਰੈਕ 'ਮੈਂ ਤੈਨੂੰ ਸਮਝਾਵਾਂ ਕੀ' ਤੋਂ ਬਾਅਦ ਪੰਕਜ ਬੱਤਰਾ ਅਤੇ ਰਾਹਤ ਫਤਿਹ ਅਲੀ ਖਾਨ ਨੇ ਰੋਮਾਂਟਿਕ ਗੀਤ 'ਢੋਲਾ' ਲਈ ਇਕੱਠੇ ਗਾਇਆ ਹੈ। ਗੀਤ 'ਮੈਂ ਤੈਨੂੰ ਸਮਝਾਵਾਂ ਕੀ' ਨੇ ਸੰਗੀਤ ਦੀ ਦੁਨੀਆ ਵਿਚ ਇੱਕ ਵੱਖਰੀ ਪਛਾਣ ਬਣਾਈ ਸੀ। 13 ਸਾਲਾਂ ਬਾਅਦ ਇਹ ਨਿਰਦੇਸ਼ਕ-ਗਾਇਕ ਜੋੜੀ, ਜ਼ੀ ਸਟੂਡੀਓਜ਼ ਅਤੇ ਪੰਕਜ ਬੱਤਰਾ ਫਿਲਮਜ਼ ਦੀ ਅਗਲੀ ਫਿਲਮ "ਮਿੱਤਰਾਂ ਦਾ ਨਾਂ ਚੱਲਦਾ" ਦੇ ਇੱਕ ਹੋਰ ਰੋਮਾਂਟਿਕ ਗੀਤ 'ਢੋਲਾ' ਲਈ ਇਕੱਠੀ ਹੋਈ ਹੈ। ਇਸ ਗੀਤ 'ਚ ਗਿੱਪੀ ਗਰੇਵਾਲ ਅਤੇ ਤਾਨੀਆ ਦੀ ਜੋੜੀ ਸਿਲਵਰ ਸਕ੍ਰੀਨ 'ਤੇ ਨਜ਼ਰ ਆ ਰਹੀ ਹੈ। ਰਾਹਤ ਫਤਿਹ ਅਲੀ ਖਾਨ ਦਾ ਕਹਿਣਾ ਹੈ ਕਿ, "ਮੈਂ 'ਢੋਲਾ' ਲਈ ਪੰਕਜ ਬੱਤਰਾ ਨਾਲ ਦੁਬਾਰਾ ਜੁੜ ਕੇ ਖੁਸ਼ ਹਾਂ।" ਸ਼ਾਰਿਕ ਪਟੇਲ, ਸੀਬੀਓ, ਜ਼ੀ ਸਟੂਡੀਓਜ਼ ਨੇ ਅੱਗੇ ਕਿਹਾ, "'ਢੋਲਾ' ਇੱਕ ਰੂਹ ਨੂੰ ਖੁਸ਼ ਕਰ ਦੇਣ ਵਾਲਾ ਗੀਤ ਹੈ ਜੋ 13 ਸਾਲਾਂ ਬਾਅਦ ਰਾਹਤ ਫਤਿਹ ਅਲੀ ਖਾਨ ਅਤੇ ਪੰਕਜ ਬੱਤਰਾ ਦੀ ਜੋੜੀ ਨੂੰ ਵਾਪਸ ਲਿਆਇਆ ਹੈ। ਅਸੀਂ ਦੁਨੀਆ ਭਰ ਦੇ ਸਾਰੇ ਸੰਗੀਤ-ਪ੍ਰੇਮੀਆਂ ਨੂੰ ਇਹ ਪਿਆਰ ਭਰਿਆ ਗੀਤ ਸਮਰਪਿਤ ਕਰਕੇ ਬਹੁਤ ਖੁਸ਼ ਹਾਂ।' "ਮਿੱਤਰਾਂ ਦਾ ਨਾਂ ਚੱਲਦਾ" ਦੇ ਨਿਰਦੇਸ਼ਕ ਪੰਕਜ ਬੱਤਰਾ ਨੇ ਅੱਗੇ ਕਿਹਾ, "ਰਾਹਤ ਫਤਿਹ ਅਲੀ ਖਾਨ ਦਾ ਜਾਦੂ ਸਾਡੇ ਨਵੇਂ ਗੀਤ 'ਢੋਲਾ' ਨਾਲ ਦੁਨੀਆ ਭਰ ਦੇ ਸੰਗੀਤ-ਪ੍ਰੇਮੀਆਂ ਨੂੰ ਲੁਭਾਉਣ ਲਈ ਤਿਆਰ ਹੈ। ਰਾਹਤ ਫਤਿਹ ਅਲੀ ਖਾਨ ਨਾਲ ਜੁੜਨਾ ਹਮੇਸ਼ਾ ਖੁਸ਼ੀ ਦੀ ਗੱਲ ਰਿਹਾ ਹੈ।" ਇਸ ਗੀਤ ਨੂੰ ਸੰਗੀਤ ਜੇ ਕੇ ਉਰਫ ਜੱਸੀ ਕਾਤਿਆਲ ਦੁਆਰਾ ਦਿੱਤਾ ਗਿਆ ਹੈ, ਇਸ ਦੇ ਬੋਲ ਰਿੱਕੀ ਖਾਨ ਦੁਆਰਾ ਲਿਖੇ ਗਏ ਹਨ, ਟਰੈਕ ਨੂੰ ਮਿਕਸ, ਮਾਸਟਰ ਅਤੇ ਪ੍ਰੋਗਰਾਮ ਜੋ ਕੇ ਦੁਆਰਾ ਕੀਤਾ ਗਿਆ ਹੈ। ਫੀਮੇਲ ਵੋਕਲ ਚੈਰੀ ਦੁਆਰਾ, ਬੈਕਿੰਗ ਕੋਇਰ ਅਕਸ਼ਿਤਾ ਦੁਆਰਾ, ਗਿਟਾਰ ਤੇ ਸਟਰੋਕ ਸ਼ੋਮੂ ਸੀਲ ਦੁਆਰਾ, ਬੰਸਰੀ- ਫਲੂਟ ਪ੍ਰੀਤ ਦੁਆਰਾ, ਤਾਲ ਅਤੇ ਪਰਕਿਉਸ਼ਨ ਸ਼ਿਬੂ ਜੀ ਅਤੇ ਮਿਸਟਰ ਅਨੂਪ ਦੁਆਰਾ ਦਿੱਤੇ ਗਏ ਹਨ।






# ਪਠਾਨ' ਹਜ਼ਾਰ ਕਰੋੜ ਕਮਾਉਣ ਵਾਲੀ ਪਹਿਲੀ ਹਿੰਦੀ ਫਿਲਮ ਬਣੀ

ਮੁੰਬਈ-ਸ਼ਾਹਰੁਖ ਖਾਨ ਦੀ 'ਪਠਾਨ' ਨੇ ਇਤਿਹਾਸ ਸਿਰਜਦਿਆਂ ਵਿਸ਼ਵ ਭਰ ਵਿੱਚ 1000 ਕਰੋੜ ਰੁਪਏ ਦੀ ਕਮਾਈ ਕਰਨ ਵਾਲੀ ਪਹਿਲੀ ਹਿੰਦੀ ਫਿਲਮ ਬਣਨ ਦਾ ਮਾਣ ਹਾਸਲ ਕੀਤਾ ਹੈ। ਯਸ਼ ਰਾਜ ਫਿਲਮਜ਼ (ਵਾਈਆਰਐੱਫ) ਮੁਤਾਬਕ ਸਿਧਾਰਥ ਆਨੰਦ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਪਠਾਨ' ਨੇ ਭਾਰਤ 'ਚ ਚੌਥੇ ਸੋਮਵਾਰ 1.25 ਕਰੋੜ ਕਮਾਏ ਹਨ। ਉਨ੍ਹਾਂ ਦੱਸਿਆ ਕਿ ਵਿਸ਼ਵ ਭਰ ਵਿੱਚ ਫਿਲਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 1000 ਹਜ਼ਾਰ ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਉਨ੍ਹਾਂ ਦੱਸਿਆ ਕਿ 'ਪਠਾਨ' ਵਿਸ਼ਵ ਭਰ ਵਿੱਚ ਸਭ ਤੋਂ ਵੱਧ ਕਮਾਈ ਕਰ ਕਰਨ ਵਾਲੀ ਪਹਿਲੀ ਹਿੰਦੀ ਫਿਲਮ ਬਣ ਗਈ ਹੈ। ਇਸ ਫਿਲਮ ਵਿੱਚ ਜੌਹਨ ਅਬਰਾਹਿਮ, ਦੀਪਿਕਾ ਪਾਦੂਕੋਨ, ਡਿੰਪਲ ਕਪਾੜੀਆ ਅਤੇ ਆਸ਼ੂਤੋਸ਼ ਰਾਣਾ ਮੁੱਖ ਭੂਮਿਕਾਵਾਂ ਵਿੱਚ ਹਨ। ਸਾਲ 2018 'ਚ ਆਈ ਫਿਲਮ 'ਜ਼ੀਰੋ' ਤੋਂ ਬਾਅਦ ਸ਼ਾਹਰੁਖ ਖਾਨ ਦੀ ਇਹ ਪਹਿਲੀ ਫਿਲਮ ਸੀ। ਨਿਰਮਾਤਾ ਅਦਿੱਤਿਆ ਚੋਪੜਾ ਦੀ ਇਹ ਚੌਥੀ ਜਾਸੂਸੀ ਫਿਲਮ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਲਮਾਨ ਖਾਨ ਨਾਲ 'ਏਕ ਥਾ ਟਾਈਗਰ' ਤੇ 'ਟਾਈਗਰ ਜ਼ਿੰਦਾ ਹੈ' ਅਤੇ ਰਿਤਿਕ ਰੌਸ਼ਨ ਨਾਲ 'ਵਾਰ' ਬਣਾਈ ਸੀ।

# ਨਿੱਜਤਾ ਸਿਰਫ ਇੱਕ 'ਮਿੱਥ'-ਸੁਸ਼ਮਿਤਾ ਸੇਨ



ਮੁੰਬਈ-ਫਿਲਮ ਅਦਾਕਾਰਾ ਸੁਸ਼ਮਿਤਾ ਸੇਨ ਨੇ ਲੇਖਕਾ ਹੁਮਾ ਤਨਵੀਰ ਵੱਲੋਂ ਨਿੱਜਤਾ ਬਾਰੇ ਲਿਖੇ ਇੱਕ ਨੋਟ ਨੂੰ ਰੀਟਵੀਟ ਕਰਦਿਆਂ ਉਸ ਨੂੰ ਇੱਕ 'ਮਿੱਥ' ਦੱਸਿਆ ਹੈ। ਦਰਅਸਲ ਆਲੀਆ ਭੱਟ ਨੇ ਉਸ ਦੀਆਂ ਘਰ ਵਿੱਚ ਬੈਠੀ ਦੀਆਂ ਨਿੱਜੀ ਤਸਵੀਰਾਂ ਅਣਅਧਿਕਾਰਤ ਤੌਰ 'ਤੇ ਸੋਸ਼ਲ ਮੀਡੀਆ 'ਤੇ ਲੀਕ ਹੋਣ ਤੋਂ ਬਾਅਦ ਮੀਡੀਆ ਖ਼ਿਲਾਫ਼ ਇੱਕ ਸਖ਼ਤ ਨੋਟ ਲਿਖਿਆ ਹੈ। ਇਸ ਤੋਂ ਬਾਅਦ ਸੁਸ਼ਮਿਤਾ ਆਲੀਆ ਦੇ ਸਮਰਥਨ ਵਿੱਚ ਸਾਹਮਣੇ ਆਈ ਹੈ ਅਤੇ ਇੱਕ ਪੋਸਟ ਨੂੰ ਦੁਬਾਰਾ ਸਾਂਝਾ ਕੀਤਾ ਹੈ, ਜਿਸ ਵਿੱਚ ਉਸ ਨੇ ਮਸ਼ਹੂਰ ਹਸਤੀਆਂ ਲਈ ਨਿੱਜਤਾ ਨੂੰ ਇੱਕ 'ਮਿੱਥ' ਦੱਸਿਆ ਹੈ। ਉਸ ਨੇ ਇੱਕ ਨੋਟ ਸਾਂਝਾ ਕੀਤਾ ਹੈ, ਜਿਸ ਨੂੰ ਲੇਖਕਾ ਹੁਮਾ ਤਨਵੀਰ ਨੇ ਇੰਸਟਾਗ੍ਰਾਮ ਸਟੋਰੀ 'ਤੇ ਲਿਖਿਆ ਸੀ। ਉਸ ਨੇ ਮਸ਼ਹੂਰ ਹਸਤੀਆਂ ਦੇ ਨਿੱਜੀ ਅਤੇ ਸਮਾਜਿਕ ਜੀਵਨ ਦੇ ਵਿਚਕਾਰ ਹੱਦਾਂ ਨੂੰ ਅਕਸਰ ਧੁੰਦਲਾ ਕਰਨ ਵਾਲੇ ਮੀਡੀਆ ਬਾਰੇ ਗੱਲ ਕੀਤੀ ਹੈ। ਉਸ ਨੇ ਲਿਖਿਆ,"ਇੰਟਰਨੈੱਟ, ਟੈਕਨਾਲੋਜੀ ਅਤੇ ਸੋਸ਼ਲ ਮੀਡੀਆ ਕਾਰਨ ਛੋਟੀ ਹੋ ਗਈ ਦੁਨੀਆ ਵਿੱਚ ਨਿੱਜਤਾ ਇੱਕ ਮਿੱਥ ਹੈ ਅਤੇ ਜੇਕਰ ਤੁਸੀਂ ਇੱਕ ਮਸ਼ਹੂਰ ਹਸਤੀ ਹੋ ਤਾਂ ਇਹ ਤੁਹਾਡੇ ਲਈ ਹੋਰ ਵੀ ਬਦਤਰ ਹੈ।"

# 'ਲੇਡੀ ਸਿੰਘਮ' ਬਣੇਗੀ ਦੀਪਿਕਾ ਪਾਦੂਕੋਨ

ਸ਼ਾਹਰੁਖ ਖਾਨ ਦੇ ਨਾਲ 'ਓਮ ਸ਼ਾਂਤੀ ਓਮ' ਨਾਲ ਬਾਲੀਵੁੱਡ ਵਿਚ ਦਾਖਲਾ ਲੈਣ ਵਾਲੀ ਦੀਪਿਕਾ ਪਾਦੂਕੋਨ ਨੇ ਆਪਣੀ ਪਹਿਲੀ ਫ਼ਿਲਮ ਵਿਚ ਹੀ ਆਪਣੀ ਸਾਦਗੀ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ ਸੀ। ਦੀਪਿਕਾ ਬਾਲੀਵੁੱਡ ਦੀ ਪਹਿਲੀ ਇਸ ਤਰ੍ਹਾਂ ਦੀ ਹੀਰੋਇਨ ਹੈ ਜਿਸ ਦੀ ਵਿਆਹ ਤੋਂ ਬਾਅਦ ਕੀਮਤ ਵਧਦੀ ਹੀ ਜਾ ਰਹੀ ਹੈ। ਦੀਪਿਕਾ ਪਾਦੂਕੋਨ ਆਪਣੇ ਪਿਤਾ ਮਸ਼ਹੂਰ ਬੈਡਮਿੰਟਨ ਖਿਡਾਰੀ ਪ੍ਰਕਾਸ਼ ਪਾਦੂਕੋਨ ਦੀ ਬਾਇਓਪਿਕ ਬਣਾਉਣ ਜਾ ਰਹੀ ਹੈ। ਕਾਫ਼ੀ ਸਮੇਂ ਤੋਂ ਦੀਪਿਕਾ ਇਸ ਦੇ ਪੇਪਰ ਵਰਕ 'ਤੇ ਕੰਮ ਕਰ ਰਹੀ ਹੈ। ਰੋਹਿਤ ਸ਼ੈਟੀ ਬਹੁਤ ਜਲਦੀ ਅਗਲੀ ਫ਼ਿਲਮ 'ਸਿੰਘਮ 3' 'ਤੇ ਕੰਮ ਸ਼ੁਰੂ ਕਰਨ ਜਾ ਰਹੇ ਹਨ। ਇਸ ਵਾਰ ਉਨ੍ਹਾਂ ਦੀ ਇਹ ਫ਼ਿਲਮ ਲੇਡੀ ਸਿੰਘਮ ਬਾਰੇ ਹੀ ਹੋਵੇਗੀ। ਫ਼ਿਲਮ ਵਿਚ ਦੀਪਿਕਾ, ਮਹਿਲਾ ਪੁਲਿਸ ਵਾਲੀ ਦੀ ਮੁੱਖ ਭੂਮਿਕਾ ਨਿਭਾਉਂਦੀ ਨਜ਼ਰ ਆਵੇਗੀ। ਉਮੀਦ ਕੀਤੀ ਜਾ ਰਹੀ ਹੈ ਕਿ ਬਹੁਤ ਜਲਦੀ ਫ਼ਿਲਮ ਲਈ ਦੀਪਿਕਾ ਦੇ ਨਾਂਅ ਦਾ ਰਸਮੀ ਐਲਾਨ ਹੋਵੇਗਾ। 'ਸਿੰਘਮ 3' ਦੀ ਸ਼ੂਟਿੰਗ ਇਸ ਮਹੀਨੇ ਦੇ ਅੰਤ ਵਿਚ ਸ਼ੁਰੂ ਹੋ ਸਕਦੀ ਹੈ। ਫ਼ਿਲਮ ਨੂੰ ਇਸੇ ਸਾਲ ਦੇ ਅਖੀਰ ਵਿਚ ਰਿਲੀਜ਼ ਕੀਤੇ ਜਾਣ ਦੀ ਯੋਜਨਾ ਹੈ।



# ਸਿਨੇਮਾ ਵਿਚ ਵਾਪਸੀ ਦੀ ਯੋਜਨਾ ਨਹੀਂ-ਜ਼ੀਨਤ ਅਮਾਨ

ਮੁੰਬਈ-ਉੱਘੀ ਅਦਾਕਾਰਾ ਜ਼ੀਨਤ ਅਮਾਨ ਨੇ ਸਪੱਸ਼ਟ ਕੀਤਾ ਹੈ ਕਿ ਸੋਸ਼ਲ ਮੀਡੀਆ 'ਤੇ ਉਸ ਦੀ ਮੌਜੂਦਗੀ ਤੋਂ ਇਹ ਨਾ ਸਮਝਿਆ ਜਾਵੇ ਕਿ ਉਹ ਵੱਡੇ ਪਰਦੇ 'ਤੇ ਵਾਪਸੀ ਕਰੇਗੀ ਪਰ ਉਸ ਨੇ ਨਾਲ ਹੀ ਇਹ ਵੀ ਕਿਹਾ ਕਿ ਉਸ ਨੇ ਫਿਲਮ ਜਗਤ ਲਈ ਦਰਵਾਜ਼ੇ ਹਾਲ ਦੀ ਘੜੀ ਬੰਦ ਨਹੀਂ ਕੀਤੇ। ਜ਼ੀਨਤ ਨੇ ਇੰਸਟਾਗ੍ਰਾਮ 'ਤੇ ਆਪਣੇ 16 ਸਾਲ ਦੀ ਉਮਰ ਵਿੱਚ ਫਿਲਮੀ ਸਫਰ ਦੀ ਸ਼ੁਰੂਆਤ ਕਰਨ ਵੇਲੇ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਉਸ ਨੇ ਤਸਵੀਰ ਦੀ ਕੈਪਸ਼ਨ ਵਿਚ ਲਿਖਿਆ, 'ਇਹ ਅਨੁਮਾਨ ਲਾਏ ਜਾ ਰਹੇ ਹਨ ਕਿ ਮੈਂ ਸੋਸ਼ਲ ਮੀਡੀਆ 'ਤੇ ਤਾਂ ਆਈ ਹਾਂ ਕਿਉਂਕਿ ਮੈਂ ਸਿਨੇਮਾ ਵਿਚ ਵਾਪਸੀ ਕਰ ਰਹੀ ਹਾਂ ਪਰ ਮੈਂ ਵੱਖਰੀ ਤਰ੍ਹਾਂ ਦੀ ਹਾਂ ਅਤੇ ਮੈਨੂੰ ਲਗਦਾ ਹੈ ਕਿ ਸੋਸ਼ਲ ਮੀਡੀਆ 'ਤੇ ਅਚਾਨਕ ਆਉਣ ਨਾਲ ਕਈਆਂ ਦੇ ਦੰਦਾਂ ਹੇਠ ਜੀਭ ਆ ਗਈ ਹੈ। ਮੈਂ ਸਿਨੇਮਾ ਵਿਚ ਵਾਪਸੀ ਨਹੀਂ ਕਰ ਰਹੀ ਪਰ ਮੈਂ ਇਸ ਲਈ ਦਰਵਾਜ਼ੇ ਵੀ ਬੰਦ ਨਹੀਂ ਕੀਤੇ।' 71 ਸਾਲਾ ਅਦਾਕਾਰਾ ਨੇ ਦੱਸਿਆ ਕਿ ਰਚਨਾਤਮਕਤਾ ਕਦੇ ਵੀ ਸੇਵਾਮੁਕਤ ਨਹੀਂ ਹੁੰਦੀ।



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only neighbourhood Punjabi store
ਤੁਹਾਡਾ ਅਪਣਾ ਇੱਕੋ ਇੱਕ ਨੇਬਰਹੁੱਡ ਪੰਜਾਬੀ ਸਟੋਰ
LOWEST PRICES IN TOWN
EXTRA SUPER SPECIAL
Indian Okra Extra Fancy
ਭਾਰਤੀ ਭਿੰਡੀ ਐਕਸਟਰਾ ਫੈਂਸੀ
$2.99 lb
EXTRA SUPER SUPER SPECIAL
Roma & Round Tomatoes
ਰੋਮਾ ਜਾਂ ਗੋਲ ਟਮਾਟਰ
99¢ lb
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb
SUPER SPECIAL
Indian Eggplants
ਦੇਸੀ ਬਤਾਊਂ
99¢ lb
SUPER SPECIAL
YELLOW ONIONS
Yellow Onions 50 lbs
ਪੀਲੇ ਗੰਢੇ
$12.98 bag
SUPER SPECIAL
RED ONIONS
Red Onions 25 lbs
ਲਾਲ ਗੰਢੇ
$10.99 bag
SUPER SPECIAL
Black Chana ਕਾਲੇ ਛੋਲੇ
88¢ lb
SUPER SPECIAL
Chickpeas, Chana Dal & Red Lentil Whole 4 lbs
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ
(Indican)
(ਇੰਡੀਕੈਨ)
$3.88 bag
Russet Potatoes Snoboy 10lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag
Zucchini Squash
ਜ਼ੁਕੀਨੀ ਸਕੁਐਸ਼
88¢ lb
Large Seedless Oranges
ਵੱਡੇ ਸੰਤਰੇ ( ਬਿਨਾ ਬੀਜ ਤੋਂ )
99¢ lb
Fresh Garlic
ਤਾਜ਼ਾ ਲਸਣ
98¢ lb
Opo Squash
ਓਪੋ ਕੱਦੂ
99¢ lb
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Rapini (Sarson da Saag)
ਸਰਸੋਂ ਦਾ ਸਾਗ
$2.98 bunch
Spinach
ਪਾਲਕ
$1.29 bunch
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Red Lentil Split (Masoor Dal)
ਧੋਤੀ ਮਸਰਾਂ ਦੀ ਦਾਲ
99¢ lb
Indican Assam Tea
ਇੰਡੀਕੈਨ ਅਸਾਮ ਚਾਹ 216's
$7.99 box
Almonds #1
ਬਦਾਮ #੧
$3.98 lb
Green Elaichi (Cardamom)
ਹਰੀ ਇਲਾਇਚੀ
$14.97 lb
Fri Feb 24, 2023 - Wed Mar 01, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ----- 12047 80th Ave. Surrey ----- 604-591-5032
Scott Road ----- 104-7028 120th St. ---------- 604-590-8864
Cedar Hills ----- 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd.------------------ 604-244-9520